## 31

# ਰਾਜ ਦਾ ਬੀ ਬੀਜਣਾ

## (13:1-23)

ਬੀਜਣ ਵਾਲੇ ਦਾ ਇਹ ਦ੍ਰਿਸ਼ਟਾਂਤ ਯਿਸੂ ਦੀ ਸੇਵਕਾਈ ਦਾ ਫ਼ੈਸਲਾਕੁਨ ਮੋੜ ਸਾਬਿਤ ਹੋਇਆ।

### ਦ੍ਰਿਸ਼ਟਾਂਤ - ਇਸ ਵਿਚਲੀਆਂ ਗੱਲਾਂ (13:1-9)

**1ਉਸੇ ਦਿਨ ਯਿਸੂ ਘਰੋਂ ਨਿੱਕਲ ਕੇ ਝੀਲ ਦੇ ਨੇੜੇ ਜਾ ਬੈਠਾ। 2ਅਤੇ ਐਡੀ ਭੀੜ ਉਹ ਦੇ ਕੋਲ**
**ਲੱਗ ਗਈ ਜੋ ਉਹ ਬੇੜੀ ਤੇ ਚੜ੍ਹ ਬੈਠਾ ਅਤੇ ਸਾਰੀ ਭੀੜ ਕੰਢੇ ਉੱਤੇ ਖੜੀ ਰਹੀ। 3ਉਸ ਨੇ ਉਨ੍ਹਾਂ ਨੂੰ**
**ਬਹੁਤ ਸਾਰੀਆਂ ਗੱਲਾਂ ਦ੍ਰਿਸ਼ਟਾਂਤਾਂ ਵਿਚ ਕਹੀਆਂ ਕਿ ਵੇਖੋ ਇਕ ਬੀਜਣ ਵਾਲਾ ਬੀਜਣ ਨੂੰ ਨਿੱਕਲਿਆ।**
**4ਅਤੇ ਉਹ ਦੇ ਬੀਜਦਿਆਂ ਕੁਝ ਪਹੇ ਵੱਲ ਕਿਰ ਗਿਆ ਅਤੇ ਪੰਛੀ ਆਣ ਕੇ ਉਹ ਨੂੰ ਚੁਗ ਗਏ। 5ਅਤੇ**
**ਕੁਝ ਪਥਰੀਲੀ ਜ਼ਮੀਨ ਵਿਚ ਕਿਰਿਆ ਜਿੱਥੇ ਉਹ ਨੂੰ ਬਹੁਤੀ ਮਿੱਟੀ ਨਾ ਮਿਲੀ ਅਰ ਡੂੰਘੀ ਮਿੱਟੀ ਨਾ**
**ਮਿਲਣ ਕਰਕੇ ਉਹ ਛੇਤੀ ਉੱਗ ਪਿਆ 6ਪਰ ਜਾਂ ਸੂਰਜ ਚੜ੍ਹਿਆ ਤਾਂ ਕੁਮਲਾ ਗਿਆ ਅਤੇ ਜੜ੍ਹ ਨਾ**
**ਫੜਨ ਦੇ ਕਾਰਣ ਸੁੱਕ ਗਿਆ। 7ਅਤੇ ਕੁਝ ਕੰਡਿਆਲਿਆਂ ਵਿਚ ਕਿਰਿਆ ਅਤੇ ਕੰਡਿਆਲਿਆਂ ਨੇ ਵਧ**
**ਕੇ ਉਹ ਨੂੰ ਦੱਬਾ ਲਿਆ। 8ਅਤੇ ਕੁਝ ਚੰਗੀ ਜ਼ਮੀਨ ਵਿਚ ਕਿਰਿਆ ਅਤੇ ਫਲਿਆ ਕੁਝ ਸੌ ਗੁਣ ਕੁਝ**
**ਸੱਠ ਗੁਣਾ ਕੁਝ ਤੀਹ ਗੁਣਾ। 9ਜਿਹ ਦੇ ਕੰਨ ਹੋਣ ਸੋ ਸੁਣੇ।**

**ਆਇਤਾਂ 1, 2.** ਇਹ ਸ਼ੁਰੂਆਤੀ ਆਇਤਾਂ ਅਧਿਆਇ ਦੇ ਕਈ ਦ੍ਰਿਸ਼ਟਾਂਤਾਂ ਦਾ ਅਧਾਰ ਹਨ। ਯਿਸੂ ਕਫ਼ਰਨਾਹੂਮ ਵਿਚਲੇ **ਘਰੋਂ ਨਿੱਕਲ** ਗਿਆ। ਇੱਥੇ ਉਹਨੇ ''ਲੋਕਾਂ ਨਾਲ ਗੱਲਾਂ'' ਕੀਤੀਆਂ (12:46), ਅਤੇ **ਝੀਲ ਦੇ ਨੇੜੇ** ਚਲਿਆ ਗਿਆ। ਕਫ਼ਰਨਾਹੂਮ ਗਲੀਲ ਦੀ ਝੀਲ ਦੇ ਬਿਲਕੁਲ ਕੰਢੇ ਤੇ ਹੈ। ਇੱਥੇ ਸ਼ਾਇਦ ਇੱਥੋ ਵਾਰ ਕੁਝ ਹੋਰ ਵੱਧ ਲੋਕਾਂ ਨਾਲ ਗੱਲ ਕਰਨ ਲਈ ਖਲੋਤਾ ਸੀ। ਉਸ ਦੇ ਕੰਢੇ ਤੇ ਖਲੋਤੇ ਹੋਣ ਦੌਰਾਨ ਸਾਰੀ ਭੀੜ ਕੰਢੇ ਉੱਤੇ ਖੜੀ ਰਹੀ। ਯਿਸੂ ਨੇ ਉਸ ਇਲਾਕੇ ਦੇ ਕਈ ਪਿੰਡਾਂ ਅਤੇ ਸ਼ਹਿਰਾਂ ਵਿਚ ਪ੍ਰਚਾਰ ਕੀਤਾ ਸੀ (ਲੂਕਾ 8:1)। ਹੁਣ ਲੂਕਾ ਨੇ ਕਿਹਾ ਕਿ ''ਵੱਡੀ ਭੀੜ ਇਕੱਠੀ'' ਹੋ ਗਈ ਸੀ ਅਤੇ ''ਨਗਰ-ਨਗਰ ਦੇ ਲੋਕ ਉਹਦੇ ਕੋਲ'' (ਲੂਕਾ 8:4; NKJV) ਆ ਪੁੱਜੇ ਸਨ।

ਭੀੜ ਦਾ ਦਬਾਅ ਐਨਾ ਵੱਧ ਸੀ ਕਿ ਯਿਸੂ ਇਕ ਛੋਟੀ **ਬੇੜੀ** ਤੇ ਚੜ੍ਹ ਗਿਆ। ਕੰਢੇ ਤੋਂ ਥੋੜ੍ਹੀ ਅੱਗੇ ਨਿੱਕਲਣ ਤੇ ਸਥਿਤੀ ਇਕ ਸੁਭਾਵਕ ਮੰਚ ਵਰਗੀ ਬਣ ਗਈ, ਜਿਸ ਨਾਲ ਉਸ ਨੂੰ **ਕੰਢੇ ਉੱਤੇ ਖੜੀ** ਭੀੜ ਦੇ ਸਭ ਲੋਕਾਂ ਲਈ ਸੁਣਨਾ ਆਸਾਨ ਹੋ ਗਿਆ। ਇਸ ਉਪਦੇਸ਼ ਦੇ ਰਵਾਇਤੀ ਥਾਂ ਨੂੰ ''ਦ੍ਰਿਸ਼ਟਾਂਤਾਂ ਦੀ ਖਾੜੀ'' ਆਖਿਆ ਜਾਂਦਾ ਹੈ।[1] ਇਸ ਖਾੜੀ ਦੇ ਕੇਂਦਰ ਵਿੱਚੋਂ ਬੋਲਣ ਤੇ ਕਈ ਹਜ਼ਾਰ ਲੋਕ ਸੁਣ ਸਕਦੇ ਸਨ। ਬੇੜੀ ਨੇ ਵੀ ਇਕ ਤਰ੍ਹਾਂ ਪੁਲਪਿਟ ਦਾ ਕੰਮ ਕੀਤਾ, ਜਿੱਥੋ ਯਿਸੂ ਨੇ ਲੋਕਾਂ ਨਾਲ ਗੱਲਾਂ ਕੀਤੀਆਂ। ਯਹੂਦੀ ਰੱਬੀਆਂ ਦੀ ਰੀਤ ਮੁਤਾਬਿਕ ਉਹ ਸਿਖਾਉਣ ਲਈ **ਜਾ ਬੈਠਾ** (5:1; 15:29; 24:3; 26:55)।

**ਆਇਤ 3.** ਸ਼ੁਰੂਆਤ ਕਰਦਿਆਂ ਯਿਸੂ ਨੇ **ਬਹੁਤ ਸਾਰੀਆਂ ਗੱਲਾਂ ਦ੍ਰਿਸ਼ਟਾਂਤਾਂ ਵਿਚ ਕਹੀਆਂ।**

ਮਸੀਹ ਨੇ ਸਿਖਾਉਣ ਦੇ ਇਸ ਢੰਗ ਦੀ ਵਰਤੋਂ ਭਾਵੇਂ ਪਿਛਲੇ ਹਵਾਲਿਆਂ ਵਿਚ ਕੀਤੀ ਸੀ ਪਰ ਮੱਤੀ ਨੇ ਕਈ ਵਾਰ ਇਸ ਨੂੰ ''ਦ੍ਰਿਸ਼ਟਾਂਤ'' ਆਖਿਆ। ਯਿਸੂ ਵੱਲੋਂ ਦਿੱਤਾ ਗਿਆ ਪਹਿਲਾ ''ਰਾਜ ਦਾ ਦ੍ਰਿਸ਼ਟਾਂਤ'' **ਬੀਜਣ ਵਾਲੇ** ਦਾ ਹੀ ਦ੍ਰਿਸ਼ਟਾਂਤ ਸੀ। ਇੰਜੀਲ ਦੇ ਤਿੰਨਾਂ ਸਹਿਦਰਸ਼ੀ ਵਿਰਤਾਂਤਾਂ (ਮੱਤੀ 13; ਮਰਕੁਸ 4; ਲੂਕਾ 8) ਵਿਚ ਇਹ ਮਿਲਦਾ ਹੈ। ਦ੍ਰਿਸ਼ਟਾਂਤ ਦੱਸਦਿਆਂ ਯਿਸੂ ਉਨ੍ਹਾਂ ਦ੍ਰਿਸ਼ਾਂ ਦੀ ਗੱਲ ਕਰ ਰਿਹਾ ਸੀ ਜਿਨ੍ਹਾਂ ਤੋਂ ਉਸਦੇ ਸੁਣਨ ਵਾਲੇ ਵਾਕਫ਼ ਸਨ, ਖ਼ਾਸ ਕਰਕੇ ਖੇਤੀ ਅਤੇ ਚਰਾਂਦਾ ਦੇ ਰੂਪਕਾਂ ਦੀ ਵਰਤੋਂ।

''ਬੀਜਣ ਵਾਲਾ'' ਬੀਜਣ ਨੂੰ ਨਿੱਕਲਿਆ। ਉਹ ਉਸ ਸ਼ਹਿਰ ਜਾਂ ਪਿੰਡ ਵਿੱਚੋਂ ਨਿੱਕਲਿਆ ਜਿੱਥੇ ਉਹ ਰਹਿੰਦਾ ਸੀ ਅਤੇ ਆਲੇ ਦੁਆਲੇ ਦੀ ਜ਼ਮੀਨ ਦੇ ਇਕ ਖੇਤ ਵਿਚ ਬੀ ਬੀਜਣ ਵਾਸਤੇ ਨਿੱਕਲਿਆ। ਬੀਜਣ ਵਾਲੇ ਆਮ ਤੌਰ ਤੇ ਸਵੇਰੇ ਸਵੇਰੇ ਨਿੱਕਲ ਜਾਂਦੇ ਸਨ, ਦਿਨ ਭਰ ਕੰਮ ਕਰਦੇ ਅਤੇ ਦਿਨ ਡੁੱਬਦੇ ਨੂੰ ਸ਼ਹਿਰਪਨਾਹ ਦੇ ਅੰਦਰ ਆਪਣੇ ਘਰਾਂ ਨੂੰ ਮੁੜ ਆਉਂਦੇ ਸਨ (ਨਿਆਈਆਂ 19:16–21; ਰੂਥ 2:2, 17, 18)। ਕਣਕ ਦੀ ਬਿਜਾਈ ਨਵੰਬਰ/ਦਿਸੰਬਰ ਵਿਚ ਅਤੇ ਵਾਢੀ ਅਪ੍ਰੈਲ/ਮਈ ਵਿਚ ਹੁੰਦੀ ਸੀ।

ਕਿਸਾਨ ਆਪਣੇ ਬੀ ਨੂੰ ''ਛੱਟਾ'' ਦੇ ਕੇ ਬੀਜਦੇ ਸਨ। ਉਹ ਮੋਢਿਆਂ ਤੇ ਟੰਗਿਆ ਬੀਜ ਵਾਲਾ ਝੋਲਾ ਲੈ ਕੇ ਖੇਤਾਂ ਵਿਚ ਘੁਮੰਦਿਆਂ ਚਲਦੇ ਬੀ ਦੀ ਮੁੱਠ ਭਰ ਕੇ ਉਸ ਨੂੰ ਹਵਾ ਵਿਚ ਸੁਟ ਦਿੰਦੇ ਸਨ। ਇਸ ਢੰਗ ਨਾਲ ਬੀਜਦਿਆਂ ਇਹ ਪਤਾ ਲੱਗਣ ਦਾ ਕੋਈ ਤਰੀਕਾ ਨਹੀਂ ਹੁੰਦਾ ਸੀ ਕਿ ਬੀ ਕਿੱਥੇ ਡਿੱਗੇਗਾ। ਕਿਸਾਨ ਨੂੰ ਐਨਾ ਪਤਾ ਹੁੰਦਾ ਸੀ ਕਿ ਉਪਜਾਊ ਜ਼ਮੀਨ ਵਿਚ ਐਨਾ ਬੀ ਡਿੱਗ ਗਿਆ ਹੈ ਕਿ ਉਹ ਚੰਗੀ ਫ਼ਸਲ ਦੇ ਸਕੇ। ਸਭ ਕੁਝ ਸਹੀ ਹੋਣ ਤੇ ਬੀਜ ਵੱਧਦਾ ਅਤੇ ਉਹਦੇ ਲਈ ਚੰਗੀ ਫਸਲ ਦਿੰਦਾ ਸੀ। ਇਸ ਦ੍ਰਿਸ਼ਟਾਂਤ ਵਿਚ ਬੀਜਣ ਵਾਲਾ ਅਤੇ ਬੀ ਪੱਕੇ ਹਨ, ਜਦਕਿ ਜ਼ਮੀਨ ਦੀਆਂ ਕਿਸਮਾਂ ਵੱਖੋ–ਵੱਖ ਹਨ।

**ਆਇਤ 4.** ਯਿਸੂ ਨੇ ਪਹਿਲਾਂ **ਪਹੇ ਵੱਲ ਕਿਰੇ** ਬੀ ਦੀ ਗੱਲ ਕੀਤੀ। ਅਨੁਵਾਦ ਹੋਏ ਸ਼ਬਦ ''ਪਹੇ'' ਦਾ ਯੂਨਾਨੀ ਸ਼ਬਦ (*hodos*) ''ਰਾਹ'' ਦੇ ਅਰਥ ਵਾਲਾ ਇਕ ਆਮ ਸ਼ਬਦ ਹੈ। ਇਸ ਦਾ ਅਰਥ ''ਸ਼ਾਹ ਰਾਹ,'' ''ਸੜਕ,'' ਜਾਂ ''ਰਸਤਾ'' ਹੋ ਸਕਦਾ ਹੈ। ਇੱਥੇ ਇਹ ਹਵਾਲਾ ''ਰਾਹ'' ਲਈ ਲਗਦਾ ਹੈ (NIV; NRSV)। ਫ਼ਲਸਤੀਨ ਵਿਚ ਆਮ ਤੌਰ ਤੇ ਅੰਗੂਰੀ ਬਾਗਾਂ ਦੀ ਰਾਖੀ ਭਾਵੇਂ ਪੱਥਰ ਦੀਆਂ ਕੰਧਾਂ ਜਾਂ ਵਾੜਾਂ ਨਾਲ ਕੀਤੀ ਜਾਂਦੀ ਸੀ (ਗਿਣਤੀ 22:24; ਕਹਾਉਤਾਂ 24:30, 31; ਯਸਾਯਾਹ 5:5), ਪਰ ਅਨਾਜ ਦੇ ਖੇਤਾਂ ਵਿਚ ਵਾੜਾਂ ਨਹੀਂ ਲਾਈਆਂ ਜਾਂਦੀਆਂ ਸਨ (ਵੇਖੋ 12:1)। ਇਸਦੇ ਉਲਟ ਉਨ੍ਹਾਂ ਨੂੰ ਛੋਟੇ ਛੋਟੇ ਪਹਿਆਂ ਨਾਲ ਵੱਖ ਕੀਤਾ ਜਾਂਦਾ ਸੀ ਅਤੇ ਉਨ੍ਹਾਂ ਦੀਆਂ ਹੱਦਾਂ ਦੀ ਨਿਸ਼ਾਨਦੇਹੀ ਪੱਥਰ ਲਾ ਕੇ ਕੀਤੀ ਜਾਂਦੀ ਸੀ (ਵਿਵਸਥਾਸਾਰ 19:14; 27:17; ਅੱਯੂਬ 24:2; ਕਹਾਉਤਾਂ 22:28; 23:10) ਇਹ ਪਹੇ ਕਈ ਕਈ ਸਾਲ ਤਕ ਰਹਿੰਦੇ ਸਨ। ਇਸ ਕਰਕੇ ਉਨ੍ਹਾਂ ਦੇ ਕੰਢੇ ਦੀ ਜ਼ਮੀਨ ਐਨੀ ਸਖ਼ਤ ਹੋ ਜਾਂਦੀ ਸੀ ਕਿ ਉਸ ਵਿਚ ਬੀਅ ਨਹੀਂ ਵੜ ਸਕਦਾ ਸੀ। ਉੱਥੇ ਡਿੱਗਾ ਬੀ ਮਿੱਟੀ ਦੇ ਉੱਤੇ–ਉੱਤੇ ਰਹਿੰਦਾ ਸੀ ਜਿਸ ਕਰਕੇ ਉਹ ਅਸਾਨੀ ਨਾਲ **ਪੰਛੀਆਂ** ਦੀ ਖ਼ੁਰਾਕ ਬਣ ਜਾਂਦਾ। ਉਹ ਕਿਸਾਨ ਵੱਲੋਂ ਇਸ ਨੂੰ ਬਚਾ ਸਕਣ ਅਤੇ ਉਪਜਾਊ ਜ਼ਮੀਨ ਵਿਚ ਪਾਉਣ ਤੋਂ ਪਹਿਲਾਂ ਹੀ ਖਾ ਜਾਂਦੇ ਸਨ।

**ਆਇਤਾਂ 5, 6.** ਦੂਜਾ, ਕੁਝ ਬੀ **ਪਥਰੀਲੀ ਜ਼ਮੀਨ ਵਿਚ ਕਿਰਿਆ।** ਫ਼ਲਸਤੀਨ ਵਿਚ ਇਹ ਬਹੁਤ ਆਮ ਗੱਲ ਸੀ। ਬਹੁਤ ਸਾਰੇ ਇਲਾਕਿਆਂ ਵਿਚ ਜ਼ਮੀਨ ਦੇ ਕੁਝ ਕੁਝ ਇੰਚਾਂ ਤੇ ਚੂਨਾ ਪੱਥਰ ਦੀ ਚੱਟਾਨ ਦੀਆਂ ਪਰਤਾਂ ਹੁੰਦੀਆਂ ਸਨ। ਮਸੀਹ ਦੇ ਵਕਤ, ਯਰਦਨ ਦਰਿਆ ਅਤੇ ਗਲੀਲ ਦੀ ਝੀਲ ਦੇ ਨਾਲ–ਨਾਲ ਕੁਝ ਮੈਦਾਨੀ ਅਤੇ ਪੱਧਰੇ ਥਾਂਵਾਂ ਨੂੰ ਛੱਡ ਕੇ ਵੱਡੀ ਫ਼ਸਲ ਉਗਾਉਣ ਲਈ ਜ਼ਮੀਨ ਲੱਭਣਾ ਮੁਸ਼ਕਿਲ ਹੁੰਦਾ ਹੋਵੇਗਾ। ਜ਼ਮੀਨ ਐਨੀ ਸਖ਼ਤ ਸੀ ਕਿ ਬੂਟੇ ਛੇਤੀ ਨਾਲ **ਉੱਗ ਪਏ।** ਪਰ **ਸੂਰਜ** ਨਿੱਕਲਣ ਦੇ ਬਾਅਦ ਉਹ ਗਰਮੀ ਨਾਲ **ਸੁੱਕ ਗਏ।** ਅਜਿਹੇ ਬੂਟੇ ਦੇ ਪੱਤੇ ਤਾਂ ਹਰੇ ਅਤੇ

ਕਰੜੇ ਲਗਦੇ ਹੋਣਗੇ ਪਰ ਜੜ੍ਹਾਂ ਵਿਚ ਪਾਣੀ ਅਤੇ ਖੁਰਾਕ ਪਹੁੰਚਾਉਣ ਦਾ ਚੰਗਾ ਇੰਤਜ਼ਾਮ ਨਾ ਹੋਣ ਕਰਕੇ ਛੇਤੀ ਹੀ ਮੁਰਝਾ ਜਾਂਦੇ ਹੋਣਗੇ। ਲੂਕਾ 8:6 ਕਹਿੰਦਾ ਹੈ ਕਿ ਉਹ ''ਸੁੱਕ ਗਿਆ ਇਸ ਲਈ ਜੋ ਉਹ ਨੂੰ ਗਿੱਲ ਨਾ ਮਿਲੀ।''

**ਆਇਤ 7.** ਤੀਜਾ, ਕੁਝ ਬੀ **ਕੰਡਿਆਲਿਆਂ ਵਿਚ ਕਿਰਿਆ** (ਵੇਖੋ ਅੱਯੂਬ 31:40; ਯਿਰਮਿਯਾਹ 4:3; ਮੱਤੀ 7:16; ਇਬਰਾਨੀਆਂ 6:8)। ''ਕੰਡਿਆਲਿਆਂ'' ਲਈ ਇੱਥੇ ਯੂਨਾਨੀ ਸ਼ਬਦ (*akantha*) ਤੋਂ ਭਾਵ ''ਕੰਡਿਆਲੀਆਂ ਝਾੜੀਆਂ'' ਹੈ। ਬੀ ਨੇ ਖੇਤ ਦੇ ਉਸ ਭਾਗ ਵਿਚ ਜੜ੍ਹ ਫੜ ਲਈ ਜਿੱਥੇ ਬੂਟੇ ਆਪਣੇ ਆਪ ਉੱਗ ਪੈਣੇ ਸਨ। ਝਾੜੀਆਂ ਵਾਲੇ ਬੂਟੇ ਅੱਜ ਵਾਂਗ ਹੀ ਉਸ ਜ਼ਮਾਨੇ ਵਿਚ ਵੀ ਬੜੀ ਤੇਜ਼ੀ ਨਾਲ ਵੱਧਦੇ ਸਨ। ਛੋਟੇ ਜਿਹੇ ਖੇਤ ਨੂੰ ਸਾਫ਼ ਕਰਨ ਲਈ ਬੜੀ ਮੁਸ਼ਕਿਲ ਝਲਣੀ ਪੈਂਦੀ ਹੋਵੇਗੀ, ਪਰ ਜੇ ਖੇਤ ਤੇ ਧਿਆਨ ਨਾ ਦਿੱਤਾ ਜਾਵੇ ਤਾਂ ਝਾੜੀਆਂ ਬੂਟਿਆਂ ਨਾਲੋਂ ਵੱਡੀਆਂ ਹੋ ਜਾਂਦੀਆਂ ਹਨ (ਕਹਾਉਤਾਂ 24:30–34)। ਖੇਤ ਨੂੰ ਸਾਫ਼ ਕਰਨ ਲਈ ਝਾੜੀਆਂ ਨੂੰ ਵੱਢਣਾ ਹੀ ਨਹੀਂ ਬਲਕਿ ਉਨ੍ਹਾਂ ਨੂੰ ਜੜ੍ਹੋਂ ਪੁੱਟਣਾ ਜ਼ਰੂਰੀ ਹੁੰਦਾ ਹੈ। ਜੇ ਉਨ੍ਹਾਂ ਨੂੰ ਮਿੱਧ ਦਿੱਤਾ ਜਾਵੇ ਤਾਂ ਉਹ ਛੇਤੀ ਨਾਲ ਉਹ ਫੇਰ ਨਿਕਲ ਆਉਂਦੀਆਂ ਸਨ। ਇੱਥੇ ਚੰਗੇ ਬੂਟੇ ਝਾੜੀਆਂ ਦੇ ਨਾਲ ਉੱਗ ਆਏ ਸਨ ਅਤੇ ਅਖ਼ੀਰ ਵਿਚ **ਕੰਡਿਆਲਿਆਂ ਨੇ ਉਹਨੂੰ ਦਬਾ ਲਿਆ** . . . ਸੀ। ਲੋੜੀਂਦੀ ਖੁਰਾਕ, ਸੂਰਜ ਦੀ ਰੌਸ਼ਨੀ ਅਤੇ ਹਵਾ ਨਾ ਮਿਲਣ ਕਰਕੇ ਚੰਗੇ ਬੂਟੇ ਸੁੱਕ ਗਏ ਸਨ।

**ਆਇਤ 8.** ਚੌਥਾ, ਯਿਸੂ ਦੀ ਕਹਾਣੀ ਵਾਲਾ **ਬੀ ਕੁਝ ਚੰਗੀ ਜ਼ਮੀਨ ਵਿਚ ਕਿਰਿਆ ਅਤੇ ਫਲਿਆ ਕੁਝ ਸੌ ਗੁਣਾ ਕੁਝ ਸੱਠ ਗੁਣਾ ਕੁਝ ਤੀਹ ਗੁਣਾ**। ਕਰੇਗ ਐਸ. ਕੀਨਰ ਦੇ ਮੁਤਾਬਿਕ ਉਸ ਇਲਾਕੇ ਵਿਚ ਫਸਲ ਦੇ ਬੀਜੇ ਗਏ ਬੀ ਨਾਲੋਂ ਔਸਤਨ ਸਾਢੇ ਸੱਤ ਤੋਂ ਦਸ ਗੁਣਾ ਹੁੰਦੀ ਸੀ।[2] ਇਸ ਹਿਸਾਬ ਨਾਲ ਮਸੀਹ ਵੱਲੋਂ ਦੱਸੇ ਗਏ ਵੱਖੋ ਵੱਖ ਖੇਤਾਂ ਦੀ ਫ਼ਸਲ ਮੋਅਜਜ਼ਾ ਨਹੀਂ ਤਾਂ ਅਜੂਬਾ ਜ਼ਰੂਰ ਰਹੀ ਹੋਵੇਗੀ।[3] ਪੁਰਖਿਆਂ ਦੇ ਯੁੱਗ ਵਿਚ ਖ਼ੁਦਾ ਵੱਲੋਂ ਬਰਕਤ ਪਾਇਆ ਹੋਣ ਕਰਕੇ ਇਸਹਾਕ ਨੇ ਸੌ ਗੁਣਾ ਫ਼ਸਲ ਕੱਟੀ ਸੀ। ਬਾਅਦ ਦੀਆਂ ਯਹੂਦੀ ਲਿਖਤਾਂ ਅਜਿਹੀ ਹੀ ਫਸਲ ਦੀ ਗੱਲ ਕਰਦੀਆਂ ਹਨ।[4] ਇੱਥੇ ਬਹੁਤਾਇਤ ਦੀ ਫ਼ਸਲ ਬੰਜਰ ਜ਼ਮੀਨ ਤੇ ਬਰਬਾਦ ਕੀਤੇ ਕਿਸੇ ਵੀ ਬੀ ਦੇ ਮੁਆਵਜ਼ੇ ਨਾਲੋਂ ਵੱਧ ਕੇ ਹੋਵੇਗੀ (ਉਤਪਤ 26:12)।

**ਆਇਤ 9.** ਯਿਸੂ ਨੇ ''ਜਿਹਦੇ ਕੰਨ ਹੋਣ ਸੋ ਸੁਣੇ'' ਕਹਿੰਦਿਆਂ ਆਪਣੀ ਗੱਲ ਪੂਰੀ ਕੀਤੀ (11:15 ਤੇ ਟਿੱਪਣੀਆਂ ਵੇਖੋ)। ਉਹ ਦ੍ਰਿਸ਼ਟਾਂਤ ਨੂੰ ਸੁਣਨ ਵਾਲਿਆਂ ਨੂੰ ਇਸਦਾ ਮਤਲਬ ਸਮਝਾਉਣਾ ਚਾਹੁੰਦਾ ਸੀ। ਆਇਤ 43 ਵਿਚ ਇਹੀ ਤਾੜਨਾ ਦੁਹਰਾਈ ਗਈ ਹੈ। 13:18–23 ਵਿਚ ਯਿਸੂ ਨੇ ਇਸ ਦ੍ਰਿਸ਼ਟਾਂਤ ਦਾ ਅਰਥ ਦੱਸਿਆ।

## ਦ੍ਰਿਸ਼ਟਾਂਤ - ਇਸਦਾ ਮਕਸਦ (13:10-17)

**10ਤਾਂ ਚੇਲਿਆਂ ਨੇ ਨੇੜੇ ਆਣ ਕੇ ਉਹ ਨੂੰ ਕਿਹਾ, ਤੂੰ ਉਨ੍ਹਾਂ ਨਾਲ ਦ੍ਰਿਸ਼ਟਾਂਤਾਂ ਵਿਚ ਕਿਉਂ ਗੱਲਾਂ ਕਰਦਾ ਹੈਂ? 11ਉਸ ਨੇ ਉਨ੍ਹਾਂ ਨੂੰ ਉੱਤਰ ਦਿੱਤਾ ਕਿ ਸੁਰਗ ਦੇ ਰਾਜ ਦੇ ਭੇਤਾਂ ਦੀ ਸਮਝ ਤੁਹਾਨੂੰ ਦਿੱਤੀ ਗਈ ਪਰ ਉਨ੍ਹਾਂ ਨੂੰ ਨਹੀਂ ਦਿੱਤੀ ਗਈ ਹੈ। 12ਕਿਉਂ ਜੋ ਜਿਹ ਦੇ ਕੋਲ ਹੈ ਉਹ ਨੂੰ ਦਿੱਤਾ ਜਾਵੇਗਾ ਅਤੇ ਉਹਦਾ ਵਾਧਾ ਹੋਵੇਗਾ ਪਰ ਜਿਹਦੇ ਕੋਲ ਨਹੀਂ ਹੈ ਉਸ ਤੋਂ ਜੋ ਕੁਝ ਉਹ ਦੇ ਕੋਲ ਹੈ ਸੋ ਵੀ ਲੈ ਲਿਆ ਜਾਵੇਗਾ। 13ਮੈਂ ਇਸ ਲਈ ਉਨ੍ਹਾਂ ਨਾਲ ਦਿਸ਼ਟਾਂਤਾਂ ਵਿਚ ਗੱਲਾਂ ਕਰਦਾ ਹਾਂ ਕਿ ਉਹ ਵੇਖਦੇ ਹੋਏ ਨਹੀਂ ਵੇਖਦੇ ਅਤੇ ਸੁਣਦੇ ਹੋਏ ਨਹੀਂ ਸੁਣਦੇ ਅਤੇ ਨਹੀਂ ਸਮਝਦੇ। 14ਉਨ੍ਹਾਂ ਉੱਤੇ ਯਸਾਯਾਹ ਦਾ ਇਹ ਅਗੰਮ ਵਾਕ ਪੂਰਾ ਹੋਇਆ ਕਿ-**

**ਤੁਸੀਂ ਕੰਨਾਂ ਨਾਲ ਸੁਣੋਗੇ ਪਰ ਮੂਲੋਂ ਨਾ ਸਮਝੋਗੇ,**

**ਅਤੇ ਵੇਖਦੇ ਹੋਏ ਵੇਖੋਂਗੇ ਪਰ ਮੂਲੋਂ ਬੁੱਝੋਗੇ ਨਾ,**
**[15]ਕਿਉਂ ਜੋ ਇਸ ਪਰਜਾ ਦਾ ਮਨ ਮੋਟਾ ਹੋ ਗਿਆ ਹੈ,**
**ਅਤੇ ਉਹ ਕੰਨਾਂ ਨਾਲ ਉੱਚਾ ਸੁਣਦੇ ਹਨ,**
**ਇਨ੍ਹਾਂ ਨੇ ਆਪਣੀਆਂ ਅੱਖਾਂ ਮੀਟ ਲਈਆਂ ਹਨ,**
**ਮਤੇ ਉਹ ਅੱਖਾਂ ਨਾਲ ਵੇਖਣ ਅਤੇ ਕੰਨਾਂ ਨਾਲ ਸੁਣਨ,**
**ਅਤੇ ਮਨ ਨਾਲ ਸਮਝਣ ਅਤੇ ਮੁੜ ਆਉਣ,**
**ਅਤੇ ਮੈਂ ਇਨ੍ਹਾਂ ਨੂੰ ਚੰਗਾ ਕਰਾਂ।**
**[16]ਪਰ ਧੰਨ ਤੁਹਾਡੀਆਂ ਅੱਖੀਆਂ ਜੋ ਉਹ ਵੇਖਦੀਆਂ ਹਨ ਅਤੇ ਤੁਹਾਡੇ ਕੰਨ ਜੋ ਉਹ ਸੁਣਦੇ ਹਨ।**
**[17]ਕਿਉਂ ਜੋ ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਬੇਥੇਰੇ ਨਬੀ ਅਤੇ ਧਰਮੀ ਲੋਚਦੇ ਸਨ ਭਈ ਜੋ ਕੁਝ**
**ਤੁਸੀਂ ਵੇਖਦੇ ਹੋ ਸੋ ਵੇਖਣ ਪਰ ਨਾ ਵੇਖਿਆ ਅਤੇ ਜੋ ਕੁਝ ਤੁਸੀਂ ਸੁਣਦੇ ਹੋ ਸੋ ਸੁਣਨ ਪਰ ਨਾ ਸੁਣਿਆ।**

**ਆਇਤ 10.** ਬਾਅਦ ਵਿਚ **ਚੇਲਿਆਂ** ਨੇ ਉਨ੍ਹਾਂ ਕੋਲ ਜਾ ਕੇ ਪੁੱਛਿਆ, **''ਤੂੰ ਉਨ੍ਹਾਂ ਨਾਲ ਦ੍ਰਿਸ਼ਟਾਂਤਾਂ ਵਿਚ ਕਿਉਂ ਗੱਲਾਂ ਕਰਦਾ ਹੈਂ?''** ਚੇਲਿਆਂ ਨੇ ਯਿਸੂ ਤੋਂ ਇਹ ਸਵਾਲ ਉਦੋਂ ਪੁੱਛਿਆ ਹੋਵੇਗਾ ਜਦੋਂ ਉਹ ਘਰ ਸੀ (13:36)। ਮਰਕੁਸ 4:10 ਕਹਿੰਦਾ ਹੈ ਕਿ ''ਜਾਂ ਉਹ ਇਕਾਂਤ ਵਿਚ ਸੀ'' ਤਾਂ ਉਸਦੇ ਚੇਲਿਆਂ ਨੇ ਉਸ ਨਾਲ ਦ੍ਰਿਸ਼ਟਾਂਤ ਦੀ ਗੱਲ ਕੀਤੀ ਸੀ।

ਯਿਸੂ ਪਹਿਲਾਂ ਵੀ ਦ੍ਰਿਸ਼ਟਾਤਾਂ ਦੀ ਵਰਤੋਂ ਕਰਦਾ ਸੀ ਪਰ ਐਨੀ ਨਹੀਂ ਜਿਨੀ ਉਹਨੇ ਇੱਥੇ ਕੀਤੀ। ਚੇਲਿਆਂ ਨੂੰ ਸਿਖਾਉਣ ਦੇ ਉਸਦੇ ਢੰਗ ਵਿਚ ਫ਼ਰਕ ਦਾ ਪਤਾ ਲੱਗ ਗਿਆ ਅਤੇ ਉਹ ਇਸ ਤੋਂ ਉਲਝਣ ਵਿਚ ਪੈ ਗਏ। ਉਨ੍ਹਾਂ ਦੇ ਸਵਾਲ ਤੋਂ ਇਹ ਸੰਕੇਤ ਮਿਲਦਾ ਹੈ ਕਿ ਯਿਸੂ ਦੇ ਦ੍ਰਿਸ਼ਟਾਂਤਾਂ ਨੂੰ ਸਮਝਣਾ ਹਮੇਸਾ ਅਸਾਨ ਨਹੀਂ ਹੁੰਦਾ ਸੀ।

**ਆਇਤ 11.** ਪ੍ਰਭੂ ਨੇ ਜਵਾਬ ਦਿੱਤਾ, **''ਸੁਰਗ ਦੇ ਰਾਜ ਦੇ ਭੇਤਾਂ ਦੀ ਸਮਝ ਤੁਹਾਨੂੰ ਦਿੱਤੀ ਗਈ ਪਰ ਉਨ੍ਹਾਂ ਨੂੰ ਨਹੀਂ ਦਿੱਤੀ ਗਈ ਹੈ।''** ਦਾਨੀਏਲ 2 ਅਧਿਆਇ ਵਿਚ ''ਭੇਤ'' ਅਤੇ ''ਰਾਜ'' ਸ਼ਬਦ ਇੱਕਠੇ ਮਿਲਦੇ ਹਨ ਜਿੱਥੇ ਨਬੀ ਖ਼ੁਦਾ ਦੇ ਅਨਾਦੀ ਰਾਜ ਦੇ ਆਉਣ ਦੀ ਨਬੂਵਤ ਕਰਦਾ ਹੈ (ਦਾਨੀਏਲ 2:18, 19, 22, 23, 27, 30, 44, 47)। ਯੂਨਾਨੀ ਸ਼ਬਦ (*musterion*) ਜਿਸਦਾ ਅਨੁਵਾਦ ''ਭੇਤ'' ਹੋਇਆ ਹੈ, ਕਿਸੇ ਅਜਿਹੀ ਚੀਜ਼ ਦੀ ਗੱਲ ਕਰਦਾ ਹੈ ਜਿਹੜੀ ਪਹਿਲਾਂ ਲੁਕੀ ਹੋਈ ਸੀ ਪਰ ਹੁਣ ਪਰਗਟ ਹੋ ਚੁੱਕੀ ਹੈ। ਸਾਫ਼ ਕਹੀਏ ਤਾਂ ਇਹ ਮਸੀਹ ਦੀ ਕੁਰਬਾਨੀ ਅਤੇ ਉਸਦੀ ਕਲੀਸੀਆ ਦੇ ਕਾਇਮ ਹੋਣ ਦੇ ਰਾਹੀਂ ਮਨੁੱਖ ਜਾਤੀ (ਯਹੂਦੀਆਂ ਅਤੇ ਗੈਰ ਕੌਮਾਂ ਦੋਹਾਂ) ਨੂੰ ਬਚਾਉਣ ਲਈ ਖ਼ੁਦਾ ਦੀ ਯੋਜਨਾ ਦੇ ਪਰਦੇ ਦੇ ਪਿੱਛੇ ਦੇ ਦ੍ਰਿਸ਼ਾਂ ਦਾ ਸੰਕੇਤ ਹੈ (ਰੋਮੀਆਂ 16:25, 26; ਅਫ਼ਸੀਆਂ 3:4–12; ਕੁਲੁੱਸੀਆਂ 1:25–27)।

''ਰਾਜ ਦੇ ਭੇਤਾਂ'' ਦਾ ਮੁਕਾਸ਼ਫਾ ਖ਼ੁਦਾ ਦੇ ਫ਼ਜ਼ਲ ਦੇ ਕਾਰਣ ਸੀ। ਪਰ ਯਿਸੂ ਦੀਆਂ ਗੱਲਾਂ ਵੱਲ ਧਿਆਨ ਨਾ ਦੇਣ ਨੂੰ ਤਿਆਰ ਲੋਕਾਂ ਨੂੰ ਸਮਝਣ ਲਈ ਮਿਲੇ ਮੌਕੇ ਨੂੰ ਭੁਲਾ ਦਿੱਤਾ। ਚੇਲਿਆਂ ਦਾ ਮੰਨਣਾ ਸੀ ਕਿ ਯਿਸੂ ਹੀ ਉਹ ਮਸੀਹਾ ਹੈ ਜਿਹੜਾ ਰਾਜ ਕਾਇਮ ਕਰਨ ਨਈ ਆਇਆ ਸੀ, ਇਸ ਕਰਕੇ ਉਹ ਉਸ ਦੇ ਦ੍ਰਿਸ਼ਟਾਂਤਾਂ ਨੂੰ ਚੰਗੀ ਤਰ੍ਹਾਂ ਨਾਲ ਸਮਝ ਪਾ ਰਹੇ ਸਨ।

**ਆਇਤ 12.** ਆਪਣੇ ਚੇਲਿਆਂ ਨੂੰ ਦਲੇਰ ਕਰਦਿਆਂ ਯਿਸੂ ਨੇ ਕਿਹਾ, **''ਕਿਉਂ ਜੋ ਜਿਹ ਦੇ ਕੋਲ ਹੈ ਉਹ ਨੂੰ ਦਿੱਤਾ ਜਾਵੇਗਾ ਅਤੇ ਉਹਦਾ ਵਾਧਾ ਹੋਵੇਗਾ ਪਰ ਜਿਹਦੇ ਕੋਲ ਨਹੀਂ ਹੈ ਉਸ ਤੋਂ ਜੋ ਕੁਝ ਉਹ ਦੇ ਕੋਲ ਹੈ ਸੋ ਵੀ ਲੈ ਲਿਆ ਜਾਵੇਗਾ''** (ਵੇਖੋ 25:29; ਮਰਕੁਸ 4:25; ਲੂਕਾ 8:18; 19:26)। ਪ੍ਰਭੂ ਦੇ ਦ੍ਰਿਸ਼ਟਾਂਤਾਂ ਦੇ ਵਚਨ ਨੂੰ ਸਮਝਣ ਵਾਲਿਆਂ ਨੂੰ ਰੂਹਾਨੀ ਸਚਿਆਈਆਂ ਦੀ ਹੋਰ ਵੀ ਡੂੰਘੀ ਸਮਝ ਦਿੱਤੀ ਜਾਣੀ ਚਾਹੀਦੀ ਹੈ। ਕਿਸੇ ਵੀ ਤਰ੍ਹਾਂ ਦੀ ਰੂਹਾਨੀ ਸਮਝ ਨਾ ਰੱਖਣ ਵਾਲਿਆਂ

ਨੇ ਉਸ ਦੇ ਦ੍ਰਿਸ਼ਟਾਂਤਾਂ ਦੇ ਅਰਥਾਂ ਨੂੰ ਨਹੀਂ ਸਮਝਣਾ ਸੀ। ਉਹ ਸਮਝ ਤਾਂ ਸਕਦੇ ਸਨ ਪਰ ਉਨ੍ਹਾਂ ਨੇ ਨਾ ਸਮਝਣ ਨੂੰ ਹੀ ਚੁਣਿਆ ਸੀ। ਇਸ ਕਰਕੇ ਯਿਸੂ ਨੇ ਕਿਹਾ ਕਿ ਉਹ ਰੂਹਾਨੀ ਗਿਆਨ ਜਿਹੜਾ ਉਨ੍ਹਾਂ ਕੋਲ ਸੀ, ਲੈ ਲਿਆ ਜਾਣਾ ਸੀ।

**ਆਇਤਾਂ 13-15.** ਯਿਸੂ **ਦ੍ਰਿਸ਼ਟਾਂਤਾਂ ਵਿਚ ਗੱਲਾਂ** ਕਰਦਾ ਸੀ ਤਾਂ ਜੋ ਉਸਦਾ ਸੰਦੇਸ਼ ਉਨ੍ਹਾਂ ਤੋਂ ਲੁਕਿਆ ਰਹੇ ਜਿਹੜੇ ਉਸ ਨੂੰ ਕਬੂਲ ਨਹੀਂ ਕਰਨਾ ਚਾਹੁੰਦੇ ਸਨ। ਉਨ੍ਹਾਂ ਦੇ ਸਖ਼ਤ ਦਿਲਾਂ ਨੇ ਉਨ੍ਹਾਂ ਨੂੰ ਉਸਦਾ ਸੰਦੇਸ਼ ਸਮਝਣ ਤੋਂ ਦੂਰ ਰੱਖਿਆ। ਸਾਡੇ ਮੁਕਤੀਦਾਤੇ ਨੇ ਆਪਣੇ ਸੰਦੇਸ਼ ਨੂੰ ਮਨਵਾਉਣ ਦੀ ਇਸ ਅਣਇੱਛਾ ਨੂੰ **ਯਸਾਯਾਹ ਦਾ ਅਗੰਮਵਾਕ** ਪੂਰਾ ਹੋਣ ਦੇ ਰੂਪ ਵਿਚ ਵੇਖਿਆ। ਉਸਨੇ ਸਪਤਤੀ ਅਨੁਵਾਦ ਦੇ ਸ਼ਬਦਾਂ ਦੀ ਵਰਤੋਂ ਕਰਦਿਆਂ ਯਸਾਯਾਹ 6:9, 10 ਵਿੱਚੋਂ ਦੁਹਰਾਇਆ (ਵੇਖੋ ਯੂਹੰਨਾ 12:39–41; ਰਸੂਲਾਂ ਦੇ ਕੰਮ 28:25–27)।

ਉਹ **ਸੁਣਦੇ** ਤਾਂ ਸਨ ਪਰ **ਨਹੀਂ ਸਮਝਦੇ** ਸਨ; **ਵੇਖਦੇ** ਤਾਂ ਸਨ ਪਰ ਉਨ੍ਹਾਂ ਨੂੰ **ਸੁੱਝਦਾ ਨਹੀਂ** ਸੀ। ਮੂਲ ਵਾਕ ਵਿਚ ਭਾਵੇਂ (ਨਬੂਵਤ ਕਰਨ ਲਈ ਯਸਾਯਾਹ ਨੂੰ ਕਹਿਣ ਦੇ ਹਵਾਲੇ ਵਿਚ) ਯਸਾਯਾਹ ਦੇ ਸਮੇਂ ਦੇ ਲੋਕਾਂ ਦਾ ਵਰਣਨ ਸੀ, ਪਰ ਯਕੀਨਨ ਹੀ ਇਹ ਉਨ੍ਹਾਂ ਉੱਤੇ ਲਾਗੂ ਹੋਇਆ ਜਿਨ੍ਹਾਂ ਨਾਲ ਯਿਸੂ ਗੱਲ ਕਰ ਰਿਹਾ ਸੀ। ਦਿੱਕਤ ਇਹ ਸੀ ਕਿ ਉਨ੍ਹਾਂ ਨੇ ਖ਼ੁਦਾ ਦੇ ਵਚਨ ਨੂੰ ਬਾਰ ਬਾਰ ਸੁਣਿਆ, ਪਰ ਸੁਣ ਸੁਣ ਕੇ ਤੰਗ ਪੈ ਗਏ ਸਨ ਅਤੇ ਉਨ੍ਹਾਂ ਨੇ ਇਸ ਨੂੰ ਸਮਝਣ ਲਈ ਆਪਣੇ ਮਨਾਂ ਨੂੰ ਖੋਲ੍ਹਣਾ ਨਹੀਂ ਸੀ। ਉਨ੍ਹਾਂ ਨੇ ਸਚਿਆਈ ਨੂੰ ਸੁਣਨ ਤੋਂ **ਕੰਨ** ਬੰਦ ਕਰ ਲਏ ਸਨ ਅਤੇ **ਆਪਣੀਆਂ ਅੱਖਾਂ ਮੀਟ ਲਈਆਂ** ਸਨ ਤਾਂ ਜੋ ਉਨ੍ਹਾਂ ਨੂੰ ਇਸਦਾ ਮਤਲਬ ਨਜ਼ਰ ਨਾ ਆਵੇ। ਉਨ੍ਹਾਂ ਦੀ ਬਗਾਵਤ ਨੇ ਖ਼ੁਦਾ ਨੂੰ ਉਨ੍ਹਾਂ ਨੂੰ ਮਾਫ਼ ਕਰਨ ਤੋਂ ਰੋਕ ਦਿੱਤਾ।

**ਆਇਤ 16.** ਲੋਕਾਂ ਦੀ ਭੀੜ ਦੇ ਉਲਟ ਚੇਲਿਆਂ ਨੇ ਰੂਹਾਨੀ ਸਚਿਆਈਆਂ ਲਈ ਆਪਣੇ ਮਨ ਖੋਲ੍ਹ ਦਿੱਤੇ ਸਨ। ਜਿਸ ਕਰਕੇ ਯਿਸੂ ਨੇ ਉਨ੍ਹਾਂ ਵਾਸਤੇ ਬਰਕਤਾਂ ਦਾ ਐਲਾਨ ਕਰ ਦਿੱਤਾ: **''ਪਰ ਧੰਨ ਤੁਹਾਡੀਆਂ ਅੱਖੀਆਂ ਜੋ ਉਹ ਵੇਖਦੀਆਂ ਹਨ ਅਤੇ ਤੁਹਾਡੇ ਕੰਨ ਜੋ ਉਹ ਸੁਣਦੇ ਹਨ।''** ਉਨ੍ਹਾਂ ਦੇ ਮਨ ਉਸ ਨੂੰ ਕਬੂਲ ਕਰਨ ਵਾਲੇ ਸਨ ਜਿਸ ਕਰਕੇ ਉਨ੍ਹਾਂ ਨੇ ਯਿਸੂ ਦੀਆਂ ਦੱਸੀਆਂ ਸਚਿਆਈਆਂ ਨੂੰ ਸੁਣਿਆ ਵੀ ਅਰ ਵੇਖਿਆ ਵੀ। ਪਰ ਕਈ ਵਾਰ ਉਹ ਇਸਨੂੰ ਸਮਝਣ ਵਿਚ ਢਿੱਲੇ ਹੁੰਦੇ ਸਨ (15:15, 16)।

**ਆਇਤ 17.** ਪੁਰਾਣੇ ਨੇਮ ਦੇ **ਨਬੀਆਂ** ਨੇ ਭਵਿੱਖ ਦੀਆਂ ਕਈ ਅਹਿਮ ਘਟਨਾਵਾਂ ਦੀ ਨਬੂਵਤ ਕੀਤੀ ਪਰ ਇਹ ਪੱਕਾ ਨਹੀਂ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਨਬੂਵਤਾਂ ਦੀ ਸਮਝ ਸੀ ਜਾਂ ਨਹੀਂ। ਉਦਾਹਰਣ ਲਈ ਦਾਨੀਏਲ ਉਸ ਸਭ ਨੂੰ ਵੇਖ ਕੇ ਜੋ ਕੁਝ ਉਹਨੂੰ ਵਿਖਾਇਆ ਗਿਆ ਸੀ, ਉਲਝਣ ਵਿਚ ਪੈ ਗਿਆ ਸੀ (ਦਾਨੀਏਲ 9:1–27) ਜਿਸ ਕਰਕੇ ਉਸਨੇ ਖ਼ੁਦਾ ਅੱਗੇ ਦੁਆ ਕੀਤੀ। ਦਾਨੀਏਲ ਦੀ ਦੁਆ ਦੇ ਜਵਾਬ ਵਿਚ ਜ਼ਿਬਰਾਈਲ ਨੂੰ ''*[ਉਸ ਨੂੰ]* ਬੁੱਧਵਾਨ ਅਤੇ ਸਿਆਣਾ ਬਣਾਉਣ ਵਾਸਤੇ ਭੇਜਿਆ ਗਿਆ ਸੀ'' (ਦਾਨੀਏਲ 9:22)। ਨਬੀ ਉਨ੍ਹਾਂ ਸਭ ਚੀਜ਼ਾਂ ਨੂੰ ਜਿਨ੍ਹਾਂ ਨੂੰ ਚੇਲੇ ਇਸ ਸਮੇਂ ਮਾਣ ਰਹੇ ਸਨ **ਵੇਖਣ** ਅਤੇ **ਸੁਣਨ** ਨੂੰ ਬੜਾ **ਲੋਚਦੇ** ਸਨ।

> ਇਸੇ ਮੁਕਤੀ ਦੇ ਵਿਖੇ ਉਨ੍ਹਾਂ ਨਬੀਆਂ ਨੇ ਵੱਡੀ ਭਾਲ ਅਤੇ ਖੋਜ ਵਿਚਾਰ ਕੀਤੀ ਜਿਨ੍ਹਾਂ ਉਸ ਕਿਰਪਾ ਦੇ ਵਿਖੇ ਜੋ ਤੁਹਾਡੇ ਉੱਤੇ ਹੋਣ ਵਾਲੀ ਸੀ ਅਗੰਮਵਾਕ ਕੀਤਾ। ਅਤੇ ਓਹ ਇਹ ਖੋਜ ਵਿਚਾਰ ਕਰਦੇ ਸਨ ਭਈ ਮਸੀਹ ਦਾ ਆਤਮਾ ਜਿਹੜਾ ਉਨ੍ਹਾਂ ਵਿਚ ਸੀ ਜਦ ਮਸੀਹ ਦਿਆਂ ਦੁਖਾਂ ਦੇ ਅਤੇ ਉਨ੍ਹਾਂ ਦੇ ਪਿੱਛੋਂ ਦੀ ਮਹਿਮਾ ਦੇ ਵਿਖੇ ਅੱਗੋਂ ਹੀ ਸਾਖੀ ਦਿੰਦਾ ਸੀ ਤਦ ਉਹ ਕਿਹੜੇ ਅਥਵਾ ਕਿਹੋ ਜਿਹੇ ਸਮੇਂ ਦਾ ਪਤਾ ਦਿੰਦਾ ਸੀ। ਉਨ੍ਹਾਂ ਉੱਤੇ ਇਹ ਪਰਗਟ ਕੀਤਾ ਗਿਆ ਭਈ ਓਹ ਆਪਣੀ ਨਹੀਂ ਸਗੋਂ ਤੁਹਾਡੀ ਸੇਵਾ ਲਈ ਓਹ ਗੱਲਾਂ ਆਖਦੇ ਸਨ ਜਿਨ੍ਹਾਂ ਦੀ ਖਬਰ ਹੁਣ ਤੁਹਾਨੂੰ ਉਨ੍ਹਾਂ ਦੇ ਰਾਹੀਂ ਮਿਲੀ ਜਿਨ੍ਹਾਂ ਪਵਿੱਤਰ ਆਤਮਾ ਨਾਲ ਜੋ ਸੁਰਗੋਂ ਘੱਲਿਆ ਗਿਆ ਤੁਹਾਨੂੰ ਖੁਸ਼ਖਬਰੀ ਸੁਣਾਈ ਅਤੇ ਦੂਤ ਵੱਡੀ ਚਾਹ ਨਾਲ ਇਨ੍ਹਾਂ ਗੱਲਾਂ ਨੂੰ ਮਲੂਮ ਕਰਨਾ ਚਾਹੁੰਦੇ ਹਨ (1 ਪਤਰਸ 1:10–12)।

ਯਿਸੂ ਦੇ ਦ੍ਰਿਸ਼ਟਾਂਤਾਂ ਅਤੇ ਹੋਰ ਸਿੱਖਿਆਵਾਂ ਦੇ ਰਾਹੀਂ ਰਸੂਲ ਉਨ੍ਹਾਂ ਸਚਿਆਈਆਂ ਨੂੰ ਜਾਣ ਰਹੇ ਸਨ ਜਿਹੜੀਆਂ ਨਬੀਆਂ ਉੱਤੇ ਜ਼ਾਹਿਰ ਨਹੀਂ ਕੀਤੀਆਂ ਗਈਆਂ ਸਨ। ਅਖ਼ੀਰ ਵਿਚ ਕਲੀਸੀਆ ਦੇ ਕਾਇਮ ਹੋਣ ਨਾਲ ਫਰਿਸ਼ਤਿਆਂ ਉੱਤੇ ''ਪਰਮੇਸ਼ੁਰ ਦਾ ਨਾਨਾ ਪ੍ਰਕਾਰ ਦਾ ਗਿਆਨ ਪਰਗਟ'' ਕਰ ਦਿੱਤਾ ਗਿਆ (ਅਫ਼ਸੀਆਂ 3:8–12)। (''ਨਬੀਆਂ'' ਨੂੰ **ਧਰਮੀਆਂ** ਨਾਲ ਮਿਲਾਉਣ ਲਈ 10:41 ਤੇ ਟਿੱਪਣੀਆਂ ਵੇਖੋ)।

## ਦ੍ਰਿਸ਼ਟਾਂਤ-ਇਸਦੀ ਵਿਆਖਿਆ (13:18-23)

**[18]ਸੋ ਤੁਸੀਂ ਬੀਜਣ ਵਾਲੇ ਦਾ ਦ੍ਰਿਸ਼ਟਾਂਤ ਸੁਣੋ। [19]ਹਰ ਕੋਈ ਜੋ ਰਾਜ ਦਾ ਬਚਨ ਸੁਣਦਾ ਹੈ ਪਰ ਨਹੀਂ ਸਮਝਦਾ ਸੋ ਉਹ ਦੇ ਮਨ ਵਿਚ ਜੋ ਕੁਝ ਬੀਜਿਆ ਹੋਇਆ ਹੈ ਦੁਸ਼ਟ ਆਣ ਕੇ ਉਹ ਨੂੰ ਖੋਹ ਲੈਂਦਾ ਹੈ। ਇਹ ਉਹ ਹੈ ਜਿਹੜਾ ਪਹੇ ਵੱਲ ਬੀਜਿਆ ਗਿਆ ਸੀ। [20]ਅਤੇ ਜਿਹੜਾ ਪਥਰੀਲੀ ਜ਼ਮੀਨ ਵਿਚ ਬੀਜਿਆ ਗਿਆ ਸੋ ਉਹ ਹੈ ਜੋ ਬਚਨ ਸੁਣ ਕੇ ਝੱਟ ਖ਼ੁਸ਼ੀ ਨਾਲ ਉਹ ਨੂੰ ਮੰਨ ਲੈਂਦਾ ਹੈ। [21]ਪਰ ਆਪਣੇ ਵਿਚ ਜੜ੍ਹ ਨਹੀਂ ਰੱਖਦਾ ਹੈ। ਤਾਂ ਵੀ ਥੋੜ੍ਹਾ ਚਿਰ ਰਹਿੰਦਾ ਹੈ ਪਰ ਜਾਂ ਬਚਨ ਦੇ ਕਾਰਣ ਦੁਖ ਯਾ ਜ਼ੁਲਮ ਹੁੰਦਾ ਤਾਂ ਉਹ ਝੱਟ ਠੋਕਰ ਖਾਂਦਾ ਹੈ [22]ਅਤੇ ਜਿਹੜਾ ਕੰਡਿਆਲਿਆਂ ਵਿਚ ਬੀਜਿਆ ਗਿਆ ਸੋ ਉਹ ਹੈ ਜੋ ਬਚਨ ਨੂੰ ਸੁਣਦਾ ਹੈ ਪਰ ਇਸ ਜੁਗ ਦੀ ਚਿੰਤਾ ਅਤੇ ਧਨ ਦਾ ਧੋਖਾ ਬਚਨ ਨੂੰ ਦਬਾ ਲੈਂਦਾ ਹੈ ਅਤੇ ਉਹ ਅਫੱਲ ਰਹਿ ਜਾਂਦਾ ਹੈ। [23]ਪਰ ਜਿਹੜਾ ਚੰਗੀ ਜ਼ਮੀਨ ਵਿਚ ਬੀਜਿਆ ਗਿਆ ਸੋ ਉਹ ਹੈ ਜੋ ਬਚਨ ਨੂੰ ਸੁਣਦਾ ਅਤੇ ਸਮਝਦਾ ਹੈ ਉਹ ਜ਼ਰੂਰ ਫਲ ਦਿੰਦਾ ਅਤੇ ਕੋਈ ਸੌ ਗੁਣਾ ਕੋਈ ਸੱਠ ਗੁਣਾ ਕੋਈ ਤੀਹ ਗੁਣਾ ਫਲਦਾ ਹੈ।**

**ਆਇਤ 18.** ਇਕਾਂਤ ਵਿਚ ਯਿਸੂ ਨੇ ਚੇਲਿਆਂ ਨੂੰ **ਬੀਜਣ ਵਾਲੇ ਦੇ ਦ੍ਰਿਸ਼ਟਾਂਤ** ਦਾ ਅਰਥ ਸਮਝਾਇਆ (13:10 ਤੇ ਟਿੱਪਣੀਆਂ ਵੇਖੋ)। ਉਸਨੇ ਉਨ੍ਹਾਂ ਨੂੰ ਧਿਆਨ ਨਾਲ ''ਸੁਣਨ'' ਲਈ ਜ਼ੋਰ ਦਿੱਤਾ ਕਿਉਂਕਿ ਯੂਨਾਨੀ ਲਿਖਤ ਵਿਚ ਮੂਲ ਵਿਚ ਸਿਰਫ਼ ''ਸੁਣੋ'' ਨਹੀਂ ਬਲਕਿ ''*ਤੁਸੀਂ* ਸੁਣੋ'' ਕਿਹਾ ਗਿਆ ਹੈ। ਆਪਣੇ ਮਨਾਂ ਦੇ ਖੁੱਲ੍ਹੇ ਹੋਣ ਕਰਕੇ ਉਨ੍ਹਾਂ ਨੇ ਸਮਝ ਸਕਣਾ ਸੀ।

ਇਸ ਦ੍ਰਿਸ਼ਟਾਂਤ ਵਿਚ ਬੀਜਣ ਵਾਲਾ ਕੌਣ ਹੈ? ਪਹਿਲਾ ਜਵਾਬ ਤਾਂ ਹੈ ''ਯਿਸੂ।'' ਇਸ ਅਧਿਆਇ ਵਿਚ ਅੱਗੇ ਮਿਲਣ ਵਾਲੇ ਜੰਗਲੀ ਬੂਟੀ ਦੇ ਦ੍ਰਿਸ਼ਟਾਂਤ ਵਿਚ ਯਿਸੂ ਨੇ ਕਿਹਾ, ''ਜਿਹੜਾ ਚੰਗਾ ਬੀ ਬੀਜਦਾ ਹੈ ਉਹ ਮਨੁੱਖ ਦਾ ਪੁੱਤਰ ਹੈ'' (13:37)। ਰਾਜ ਦੇ ਬੀ ਨੂੰ ਸ਼ੁਰੂ ਵਿਚ ਖਿਲਾਰਣ ਵਾਲਾ ਉਹੀ ਸੀ, ਤਾਂ ਵੀ ਉਸ ਨੇ ਲਿਮਿਟਡ ਕਮੀਸ਼ਨ ਦੇ ਕੇ ਅਤੇ ਅਖ਼ੀਰ ਵਿਚ ''ਸਾਰੇ ਜਗਤ ਵਿਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ ਖੁਸ਼ਖ਼ਬਰੀ ਦਾ ਪ੍ਰਚਾਰ'' ਕਰਨ ਦਾ ਆਪਣੇ ਚੇਲਿਆਂ ਨੂੰ ਹੁਕਮ ਦਿੱਤਾ (ਮਰਕੁਸ 16:15)। ਇਸ ਕਰਕੇ ਬੀਜਣ ਵਾਲਾ ਕੋਈ ਵੀ ਚੇਲਾ ਹੋ ਸਕਦਾ ਹੈ ਜਿਹੜਾ ਉਸ ਸੁਨੇਹੇ ਦੇ ਪਸਾਰ ਲਈ ਲੱਗਾ ਹੋਇਆ ਹੈ।

ਇਸ ਦ੍ਰਿਸ਼ਟਾਂਤ ਵਿਚ ਬੀ ਨੂੰ ਕਿਵੇਂ ਵੇਖਿਆ ਜਾਂਦਾ ਹੈ? ਮੱਤੀ ਦੇ ਵਿਰਤਾਂਤ ਵਿਚ ਇਸ ਨੂੰ ''*[ਰਾਜ ਦਾ]* ਵਚਨ'' ਕਿਹਾ ਗਿਆ ਹੈ (13:19–23), ਜਦਕਿ ਲੂਕਾ ਦੇ ਵਿਰਤਾਂਤ ਵਿਚ ਹੈ ਕਿ ''ਬੀ ਪਰਮੇਸ਼ੁਰ ਦਾ ਵਚਨ ਹੈ'' (ਲੂਕਾ 8:11)।

ਦ੍ਰਿਸ਼ਟਾਂਤ ਵਿਚ ਮੁੱਖ ਭੂਮਿਕਾ ਜ਼ਮੀਨਾਂ ਦੀ ਹੈ। ਉਹ ਵੱਖੋ–ਵੱਖ ਸੁਣਨ ਵਾਲਿਆਂ ਜਾਂ ਮਨਾਂ ਨੂੰ ਦਰਸਾਉਂਦੀਆਂ ਹਨ। ਇਸ ਨੂੰ ਭਾਵੇਂ ''ਬੀ ਬੀਜਣ ਵਾਲੇ ਦਾ ਦ੍ਰਿਸ਼ਟਾਂਤ'' ਆਖਿਆ ਜਾਂਦਾ ਹੈ ਪਰ ਕਹਾਣੀ ਵਿਚ ਅਸਲ ਜ਼ੋਰ ਉਨ੍ਹਾਂ ਜ਼ਮੀਨਾਂ ਉੱਤੇ ਹੈ ਜਿਹੜੀਆਂ ਵਚਨ ਨੂੰ ਕਬੂਲ ਕਰਦੀਆਂ ਹਨ। ਬੀਜੇ ਗਏ ਵਚਨ ਨੂੰ ਵੱਖੋ–ਵੱਖ ਤਰ੍ਹਾਂ ਨਾਲ ਕਬੂਲ ਕੀਤਾ ਜਾਂਦਾ ਹੈ ਅਤੇ ਇਸ ਨੂੰ ਕਬੂਲ ਕਰਨ ਦੇ ਵੱਖੋ–ਵੱਖ ਨਤੀਜੇ ਹਨ।

**ਆਇਤ 19.** ਪਹਿਲਾਂ, **ਪਹੇ ਵੱਲ** ਕਿਰਿਆ **ਬੀ** (ਵੇਖੋ 13:4) ਬਿਨਾਂ ਤਿਆਰੀ ਵਾਲੀ ਅਤੇ ਸਖ਼ਤ ਜ਼ਮੀਨ ਤੇ ਡਿੱਗਿਆ ਜਿਸ ਕਰਕੇ ਇਹ ਉਹਦੇ ਅੰਦਰ ਨਹੀਂ ਜਾ ਸਕਦਾ। ਇਹ ਬੀ ਖਾਣੇ ਦੀ ਤਲਾਸ਼ ਵਿਚ ਪੰਛੀਆਂ ਦੀ ਨਜ਼ਰ ਵਿਚ ਜ਼ਮੀਨ ਤੇ ਪਿਆ ਰਿਹਾ ਅਤੇ ਛੇਤੀ ਹੀ ਇਸ ਨੂੰ ਖਾ ਲਿਆ ਗਿਆ। ਦਿੱਕਤ ਬੀ ਦੀ ਨਹੀਂ ਸੀ, ਕਿਉਂਕਿ ਉਹ ਤਾਂ ਵਧੀਆ ਸੀ, ਪਰ ਦਿੱਕਤ ਜ਼ਮੀਨ ਦੀ ਸੀ। ਇਹ ਜ਼ਮੀਨ ਉਨ੍ਹਾਂ ਲੋਕਾਂ ਦੀ ਨੁਮਾਇੰਦਗੀ ਕਰਦੀ ਹੈ ਜਿਹੜੇ **ਰਾਜ ਦਾ ਵਚਨ ਸੁਣਦੇ ਹਨ ਪਰ ਸਮਝਦੇ ਨਹੀਂ।** ਇਹ ਲੋਕ ਨਹੀਂ ਸਮਝਦੇ ਹਨ ਕਿਉਂਕਿ ਪੰਛੀ ਵਾਂਗ (13:4), ਉਸ ਬੀ ਦੇ ਜੜ੍ਹ ਫੜਨ ਤੋਂ ਪਹਿਲਾਂ ਹੀ **ਦੁਸ਼ਟ ਆਣ ਕੇ ਉਹਨੂੰ ਖੋਹ ਲੈਂਦਾ ਹੈ।**

''ਦੁਸ਼ਟ'' ਬਿਨਾਂ ਕਿਸੇ ਸ਼ੱਕ ਦੇ ਸ਼ੈਤਾਨ ਨੂੰ ਆਖਿਆ ਗਿਆ ਹੈ। ਉਸ ਨੂੰ ਬਾਈਬਲ ਦੇ ਬਾਹਰ ਹੋਈਆਂ ਯਹੂਦੀ ਲਿਖਤਾਂ ਵਿਚ ਦੁੱਖ ਦੇਣ ਵਾਲੇ ਪੰਛੀਆਂ ਨਾਲ ਮਿਲਾਇਆ ਗਿਆ ਹੈ। ਇਕ ਘਟਨਾ ਵਿਚ ਉਸਦੇ ਪੰਜਿਆਂ ਨੂੰ ''ਧਰਤੀ ਤੇ ਬੀਜੇ ਜਾਣ ਵਾਲੇ ਬੀ ਨੂੰ ਖਾਣ'' ਲਈ ਭੇਜਦਿਆਂ ਵਿਖਾਇਆ ਗਿਆ ਹੈ ਤਾਂ ਜੋ ਮਨੁੱਖ ਜਾਤੀ ਨੂੰ ਇਸਦੀ ਫ਼ਸਲ ਨਾ ਮਿਲ ਸਕੇ। ''ਬੀ ਵਿਚ ਉਸ ਦੇ ਸੁਹਾਗਾ ਫੇਰਨ ਤੋਂ ਪਹਿਲਾਂ ਹੀ ਕਾਵਾਂ ਨੇ ਇਸ ਨੂੰ ਜ਼ਮੀਨ ਤੋਂ ਚੁਗ ਲਿਆ।''[5]

ਲੋਕਾਂ ਦੇ ਮਨਾਂ ਵਿੱਚੋਂ ਖ਼ੁਦਾ ਦੇ ਵਚਨ ਨੂੰ ਖੋਹਣ ਦੇ ਸ਼ੈਤਾਨ ਕੋਲ ਕਈ ਤਰੀਕੇ ਹਨ। ਪੌਲੁਸ ਨੇ ਕਿਹਾ ਕਿ ''ਇਸ ਜੁੱਗ ਦੇ ਈਸ਼ੁਰ ਨੇ ਬੇਪਰਤੀਤਿਆਂ ਦੀਆਂ ਬੁੱਧਾਂ ਅੰਨ੍ਹੀਆਂ ਕਰ ਦਿੱਤੀਆਂ ਮਤੇ ਮਸੀਹ ਜੋ ਪਰਮੇਸ਼ੁਰ ਦਾ ਸਰੂਪ ਹੈ ਉਹਦੇ ਤੇਜ ਦੀ ਖੁਸ਼ਖ਼ਬਰੀ ਦਾ ਚਾਨਣ ਉਨ੍ਹਾਂ ਉੱਤੇ ਪ੍ਰਕਾਸ਼ ਹੋਵੇ'' (2 ਕੁਰਿੰਥੀਆਂ 4:4)। ਖ਼ੁਦਾ ਦੇ ਲੋਕਾਂ ਨੂੰ ਸ਼ੈਤਾਨ ਦੀਆਂ ਚਾਲਾਂ ਤੋਂ ਅਣਜਾਣ ਨਹੀਂ ਰਹਿਣਾ ਚਾਹੀਦਾ (2 ਕੁਰਿੰਥੀਆਂ 2:11; ਅਫ਼ਸੀਆਂ 4:27; 2 ਤਿਮੋਥਿਉਸ 2:26; 1 ਪਤਰਸ 5:8; 1 ਯੂਹੰਨਾ 2:14–17)।

**ਆਇਤਾਂ 20, 21.** ਦੂਜਾ, ਯਿਸੂ ਨੇ ਸਮਝਾਇਆ ਕਿ ਜਿਹੜਾ ਪਥਰੀਲੀ ਜ਼ਮੀਨ ਵਿਚ ਬੀਜਿਆ ਗਿਆ ਸੀ ਉਸ ਤੋਂ ਕੀ ਭਾਵ ਸੀ (ਵੇਖੋ 13:5)। ਇਹ ਜ਼ਮੀਨ ਅਜਿਹੇ ਵਿਅਕਤੀ ਨੂੰ ਦਰਸਾਉਂਦੀ ਹੈ ਜਿਹੜਾ ਸੰਦੇਸ਼ ਨੂੰ **ਸੁਣ ਕੇ ਝੱਟ** ਖੁਸ਼ੀ ਨਾਲ ਉਹਨੂੰ ਮੰਨ ਲੈਂਦਾ ਹੈ। ਤਾਂ ਵੀ ਛੇਤੀ ਨਾਲ ਮਰ ਜਾਂਦਾ ਹੈ ਕਿਉਂ ਜੋ **ਜਾਂ ਵਚਨ ਦੇ ਕਾਰਣ ਦੁੱਖ ਜਾਂ ਜ਼ੁਲਮ ਹੁੰਦਾ ਹੈ** ਤਾਂ ਅਜਿਹਾ ਬੰਦਾ **ਝੱਟ ਠੋਕਰ ਖਾਂਦਾ ਹੈ।** ''ਠੋਕਰ ਖਾਂਦਾ ਹੈ'' ਦੀ ਥਾਂ REB ਵਿਚ ਕਿਹਾ ਗਿਆ ਹੈ ਕਿ ਉਸ ਬੰਦੇ ਵਿਚ ''ਖੜਾ ਹੋਣ ਦੀ ਤਾਕਤ ਨਹੀਂ ਹੈ।'' ਲੂਕਾ 8:13 ਕਹਿੰਦਾ ਹੈ ਕਿ ਉਹ ਸਿਰਫ਼ ''ਥੋੜ੍ਹਾ ਚਿਰ ਪਰਤੀਤ'' ਕਰਦਾ ਹੈ। ਅਜਿਹੇ ਸੁਣਨ ਵਾਲੇ ਦੀ ਸਭ ਤੋਂ ਵੱਡੀ ਮੁਸ਼ਕਿਲ ਇਹ ਹੈ ਕਿ ਉਸਦਾ ਵਿਸ਼ਵਾਸ ਖੋਖਲਾ ਹੈ। ਤੇਜ਼ ਧੁੱਪ ਨਾਲ ਲੱਗਣ ਵਾਲੇ ਦੁੱਖ ਜਾਂ ਤਕਲੀਫ਼ ਦੇ ਪਹਿਲੇ ਨਿਸ਼ਾਨ ਨਾਲ ਹੀ (13:6) ਉਹ ਮੁਰਝਾ ਜਾਂਦਾ ਹੈ। ਆਰ. ਟੀ. ਫ੍ਰਾਂਸ ਨੇ ਕਿਹਾ ਹੈ ਕਿ ਇਹ ''ਹੌਲੀ ਹੌਲੀ ਦਿਲਚਸਪ ਘਟਨਾ ਨਹੀਂ ਬਲਕਿ ਦਬਾਅ ਹੇਠ ਦੱਬ ਜਾਣਾ ਹੈ।''[6]

**ਆਇਤ 22.** ਤੀਜਾ, **ਕੰਡਿਆਲਿਆਂ ਵਿਚ ਬੀਜਿਆ ਗਿਆ** ਬੀ ਸੀ (ਵੇਖੋ 13:7)। ਇਹ ਜ਼ਮੀਨ ਉਨ੍ਹਾਂ ਲੋਕਾਂ ਨੂੰ ਵਿਖਾਉਂਦੀ ਹੈ ਜਿਹੜੇ ਖ਼ੁਦਾ ਦੇ ਵਚਨ ਨੂੰ ਸੁਣਦੇ ਤਾਂ ਹਨ ਪਰ **ਇਸ ਜੁਗ ਦੀ ਚਿੰਤਾ ਅਤੇ ਧਨ ਦਾ ਧੋਖਾ** ਉਨ੍ਹਾਂ ਨੂੰ ਦਬਾ ਲੈਂਦੇ ਹਨ, ਜਿਸ ਕਰਕੇ ਉਨ੍ਹਾਂ ਦੀਆਂ ਰੂਹਾਨੀ ਜ਼ਿੰਦਗੀਆਂ **ਅਫ਼ਲ ਰਹਿ** ਜਾਂਦੀਆਂ ਹਨ। ਲੂਕਾ ਵਿਚ ਯਿਸੂ ਨੇ ਆਖਿਆ ਕਿ ਅਜਿਹੇ ਲੋਕ ''ਪੱਕੇ ਫਲ ਨਹੀਂ ਦਿੰਦੇ'' (ਲੂਕਾ 8:14)। ''ਇਸ ਜੁਗ ਦੀ ਚਿੰਤਾ'' ਅਤੇ ''ਧਨ ਦਾ ਧੋਖਾ'' ਤੇ ਯਿਸੂ ਵੱਲੋਂ ਪਹਾੜੀ ਉਪਦੇਸ਼ ਵਿਚ ਇਕੱਠਿਆਂ ਚਰਚਾ ਕੀਤੀ ਗਈ ਹੈ (6:19–34)। ਯਿਸੂ ਦੇ ਚੇਲਿਆਂ ਨੂੰ ਆਪਣਾ ਧਿਆਨ ਉਨ੍ਹਾਂ ਚੀਜ਼ਾਂ ਤੋਂ ਹਟਾਉਣ ਲਈ ਜਿਹੜੀਆਂ ਸਦਾ ਤਕ ਦੀਆਂ ਹਨ, ਇਸ ਜ਼ਿੰਦਗੀ ਦੀਆਂ ਥੋੜ੍ਹੀ ਦੇਰ ਰਹਿਣ ਵਾਲੀਆਂ ਚੀਜ਼ਾਂ ਨੂੰ ਅੜਿੱਕਾ ਨਹੀਂ ਡਾਹੁਣ ਦੇਣਾ ਚਾਹੀਦਾ। ਜ਼ਿੰਦਗੀ ਦੀਆਂ ਪਰੇਸ਼ਾਨੀਆਂ ਤੋਂ ਪਰੇਸ਼ਾਨ ਹੋ ਜਾਣਾ ਅਤੇ ਧਨ ਦਾ ਪਿੱਛਾ ਕਰਨ ਵਿਚ ਉਲਝ ਜਾਣਾ ਅਸਾਨ ਹੈ। ਧਨ ਧੋਖੇਬਾਜ ਹੈ ਕਿਉਂ

ਜੋ ਇਹ ਉਸ ਨਾਲੋਂ ਵੱਧ ਕੇ ਦੇਣ ਦਾ ਵਾਅਦਾ ਕਰਦਾ ਹੈ ਜੋ ਇਹ ਦੇ ਸਕਦਾ ਹੈ ਅਤੇ ਲੋਕਾਂ ਨੂੰ ਖ਼ੁਦਾ ਨੂੰ ਭੁਲਾਉਣ ਲਈ ਜੋ ਕਿ ਹਰ ਤਰ੍ਹਾਂ ਦੀ ਦੌਲਤ ਦਾ ਦੇਣ ਵਾਲਾ ਹੈ (ਵਿਵਸਥਾਸਾਰ 8:11–20; ਕਹਾਉਤਾਂ 30:7–9; ਉਪਦੇਸ਼ਕ ਦੀ ਪੋਥੀ 2:4–11; ਲੂਕਾ 12:13–34; 1 ਤਿਮੋਥਿਉਸ 6:17–19; ਇਬਰਾਨੀਆਂ 13:5, 6)।

**ਆਇਤ 23.** ਚੌਥਾ, **ਚੰਗੀ ਜ਼ਮੀਨ ਵਿਚ ਬੀਜਿਆ ਗਿਆ** ਬੀ (ਵੇਖੋ 13:8), ਉਸ ਬੰਦੇ ਨੂੰ ਵਿਖਾਉਂਦਾ ਹੈ **ਜੋ ਵਚਨ ਨੂੰ ਸੁਣਦਾ ਅਤੇ ਸਮਝਦਾ ਹੈ।** ਯਿਸੂ ਨੇ ਇਨ੍ਹਾਂ ਲੋਕਾਂ ਨੂੰ ''ਚੰਗੇ ਅਤੇ ਖਰੇ ਦਿਲ'' ਵਾਲੇ ਲੋਕ ਦੱਸਿਆ (ਲੂਕਾ 8:15)। ਇਹ ਸੁਣਨ ਵਾਲੇ ''ਵਚਨ'' ਨੂੰ ਨਿਰਾ ਸੁਣ ਕੇ ਸਮਝਦੇ ਹੀ ਨਹੀਂ ਬਲਕਿ ਇਸ ਨੂੰ ਆਪਣੇ ਮਨਾਂ ਵਿਚ ਜੜ੍ਹ ਵੀ ਫੜਨ ਦਿੰਦੇ ਹਨ। ਉਨ੍ਹਾਂ ਵਿਚ ਰੂਹਾਨੀ ਗਹਿਰਾਈ ਅਤੇ ਪਕਿਆਈ ਹੈ। ਉਹ ਜ਼ਿੰਦਗੀ ਦੀਆਂ ਪਰੇਸ਼ਾਨੀਆਂ ਵਿਚ ਮਜ਼ਬੂਤ ਰਹਿੰਦੇ ਹਨ। ਉਹ ਧਨ ਦੇ ਲਾਲਚ ਦਾ ਮੁਕਾਬਲਾ ਕਰਦੇ ਹਨ ਕਿਉਂ ਜੋ ਉਨ੍ਹਾਂ ਨੂੰ ਸੱਚੇ ਧਨ ਦੀ ਕੀਮਤ ਪਤਾ ਹੈ (ਵੇਖੋ ਇਬਰਾਨੀਆਂ 11:24–26)।

ਵਫ਼ਾਦਾਰ ਬਣੇ ਰਹਿਣ ਵਾਲੇ ਸੁਣਨ ਵਾਲੇ **ਫਲ ਵੀ ਦਿੰਦੇ** ਹਨ। ਯਿਸੂ ਨੇ ਉਸ ਰੂਹਾਨੀ ਧੀਰਜ ਤੇ ਜ਼ੋਰ ਦਿੱਤਾ ਹੈ ਜਿਸਦੀ ਸਾਨੂੰ ਲੋੜ ਹੈ: ਇਹ ''*[ਵਚਨ ਨੂੰ]* ਸਾਂਭੀ ਰੱਖਦੇ ਹਨ ਅਰ ਧੀਰਜ ਨਾਲ ਫ਼ਲ ਦਿੰਦੇ ਹਨ'' (ਲੂਕਾ 8:15)। ਵੱਖੋ ਵੱਖ ਫਸਲ ''ਕੋਈ ਸੌ ਗੁਣਾ ਕੋਈ ਸੱਠ ਗੁਣਾ ਕੋਈ ਤੀਹ ਗੁਣਾ'' ਵਿਸ਼ਵਾਸ ਕਰਨ ਵਾਲਿਆਂ ਦੀ ਫ਼ਲਦਾਈ ਸੇਵਾ ਨੂੰ ਵਿਖਾਉਂਦਾ ਹੈ। ਯਿਸੂ ਨੇ ਆਖਿਆ, ''ਜੋ ਮੇਰੇ ਵਿਚ ਰਹਿੰਦਾ ਹੈ ਅਤੇ ਮੈਂ ਉਸ ਵਿਚ ਸੋਈ ਬਹੁਤਾ ਫਲ ਦਿੰਦਾ ਹੈ ਕਿਉਂ ਜੋ ਮੈਥੋਂ ਵੱਖਰੇ ਹੋ ਕੇ ਤੁਸੀਂ ਕੁਝ ਨਹੀਂ ਕਰ ਸਕਦੇ'' (ਯੂਹੰਨਾ 15:5)। ਪੌਲੁਸ ਦਾ ਰੂਪਕ ਮਸੀਹੀ ਲੋਕਾਂ ਦੇ ਮਸੀਹ ਨਾਲ ਵਿਆਹ ਦਾ ਸੀ ਤਾਂ ਜੋ ਉਹ ''ਪਰਮੇਸ਼ੁਰ ਦੇ ਲਈ ਫ਼ਲ'' ਦੇਣ (ਰੋਮੀਆਂ 7:4)। ਵਿਆਹ ਦੇ ਸਬੰਧ ਦਾ ਫ਼ਲ ਸੰਤਾਨ ਹੁੰਦਾ ਹੈ। ਜਿਹੜੇ ਲੋਕ ਮਸੀਹ ਨਾਲ ਵਿਆਹੇ ਗਏ ਹਨ ਉਨ੍ਹਾਂ ਨੂੰ ਖ਼ੁਦਾ ਲਈ ਸੰਤਾਨ ਨੂੰ ਜਨਮ ਦੇਣਾ ਚਾਹੀਦਾ ਹੈ। ਮਸੀਹੀ ਲੋਕਾਂ ਦੀਆਂ ਜ਼ਿੰਦਗੀਆਂ ਵਿਚ ਹੋਰ ਵੀ ਫ਼ਲ ਹਨ (ਵੇਖੋ ਗਲਾਤੀਆਂ 5:22, 23)। ਜੇ ਕੋਈ ਫਲ ਨਾ ਲਿਆਵੇ ਤਾਂ ਉਸ ਨੂੰ ਉਵੇਂ ਹੀ ਸੁੱਟ ਦਿੱਤਾ ਜਾਵੇਗਾ ਜਿਵੇਂ ਕੱਟੀ ਹੋਈ ਟਾਹਣੀ ਦੇ ਸੁੱਕ ਜਾਣ ਤੇ ਉਸ ਨੂੰ ਅੱਗ ਵਿਚ ਸੁੱਟ ਦਿੱਤਾ ਜਾਂਦਾ ਹੈ (ਯੂਹੰਨਾ 15:6)।

ਮਸੀਹੀ ਲੋਕਾਂ ਲਈ ਵਚਨ ਨੂੰ ਬੀਜਣ ਵਾਲੇ ਅਤੇ ਫਲ ਲਈ ਦੁਆ ਕਰਨ ਵਾਲੇ ਲੋਕ ਹੋਣਾ ਜ਼ਰੂਰੀ ਹੈ। ਸਾਨੂੰ ਬੀ ਬੀਜ ਕੇ ਧੀਰਜ ਨਾਲ ਖ਼ੁਦਾ ਨੂੰ ਆਪਣਾ ਕੰਮ ਕਰਨ ਦੇਣਾ ਚਾਹੀਦਾ ਹੈ।

~~~ **ਸਬਕ** ~~~

## ਰਾਜ ਦਾ ਬੀ ਬੀਜਣਾ (13:1-9, 18-23)

ਯਿਸੂ ਨੇ ਬੀ ਬੀਜਣ ਵਾਲੇ ਦੇ ਦ੍ਰਿਸ਼ਟਾਂਤ ਵਿਚ ਇਕ ਤਰੀਕਾ ਦੱਸ ਦਿੱਤਾ ਕਿ ਉਸ ਦੇ ਚੇਲੇ ਕਿਵੇਂ ਦੁਨੀਆਂ ਵਿਚ ਖ਼ੁਸ਼ਖ਼ਬਰੀ ਨੂੰ ਲਿਜਾ ਸਕਦੇ ਹਨ। ਬੀ ਇਕ ਥਾਂ ਰੱਖਣਾ ਚੰਗਾ ਹੈ, ਪਰ ਇਹ ਇਸ ਨੂੰ ''ਖਿਲਾਰਣ'' ਜਿਨਾਂ ਪ੍ਰਭਾਵੀ ਨਹੀਂ ਹੈ। ਜੇ ਅਸੀਂ ਖ਼ੁੱਲੇ ਦਿਲ ਨਾਲ ਬੀ ਬੀਜ ਲੈਂਦੇ ਹਾਂ ਤਾਂ ਇਸ ਵਿੱਚੋਂ ਬਹੁਤ ਸਾਰਾ ਚੰਗੀ ਜ਼ਮੀਨ ਭਾਵ ਚੰਗੇ ਮਨਾਂ ਵਿਚ ਜਾ ਡਿੱਗੇਗਾ ਜਿਸ ਦਾ ਪ੍ਰਭੂ ਲਈ ਬਹੁਤਾਇਤ ਨਾਲ ਫਲ ਲਿਆਉਣਾ ਪੱਕਾ ਹੈ। ਜੇ ਅਸੀਂ ਬੀ ਬੀਜੀਏ ਅਰ ਪਾਣੀ ਦਈਏ ਤਾਂ ਫਸਲ ਦੀ ਜ਼ਿੰਮੇਵਾਰੀ ਸਾਡੀ ਨਹੀਂ ਹੈ। ਪੌਲੁਸ ਨੇ ਸਮਝਾਇਆ ਹੈ, ''ਮੈਂ ਤਾਂ ਬੂਟਾ ਲਾਇਆ ਅਤੇ ਅਪੁਲੋਸ ਨੇ ਸਿੰਜਿਆ ਪਰ ਪਰਮੇਸ਼ੁਰ ਨੇ ਵਧਾਇਆ'' (1 ਕੁਰਿੰਥੀਆਂ 3:6)। ਖ਼ੁਦਾ ਨੇ ਵੀ ਵਾਅਦਾ ਕੀਤਾ ਕਿ ''... ਮੇਰਾ ਵਚਨ ... ਜੋ ਮੇਰੇ ਮੂੰਹੋਂ ਨਿੱਕਲਦਾ ਹੈ, ਉਹ ਮੇਰੀ ਵੱਲ ਅਵਿਰਥਾ ਨਹੀਂ ਹੋਵੇਗਾ, ਪਰ ਜੋ ਮੈਂ ਠਾਣਿਆ ਉਸ ਨੂੰ ਪੂਰਾ ਕਰੇਗਾ, ਅਤੇ ਜਿਸ ਲਈ ਮੈਂ ਘੱਲਿਆ, ਉਸ ਵਿਚ ਸਫ਼ਲ ਹੋਵੇਗਾ''
~~~

(ਯਸਾਯਾਹ 55: 11)। ਬੀਜਣ ਅਤੇ ਵੱਢਣ ਦਾ ਖ਼ੁਦਾ ਦਾ ਨਿਯਮ ਇਹ ਕਹਿੰਦਾ ਹੈ ਕਿ ਹਰ ਤਰ੍ਹਾਂ ਦਾ ਬੀਜ ਆਪਣੀ ਹੀ ਨਸਲ ਦੇ ਮੁਤਾਬਿਕ ਫਲ ਦਵੇਗਾ (ਉਤਪਤ 1: 11, 12)। ਜਦ ਅਸੀਂ ਕਿਸੇ ਖ਼ਾਸ ਤਰ੍ਹਾਂ ਦਾ ਬੀ ਬੀਜਦੇ ਹਾਂ ਤਾਂ ਸਾਨੂੰ ਪਤਾ ਹੁੰਦਾ ਹੈ ਕਿ ਉਸ ਵਿੱਚੋਂ ਕਿਹੋ ਜਿਹਾ ਫਲ ਨਿੱਕਲੇਗਾ। ਜਿਹੜੀ ਗੱਲ ਸਰੀਰਕ ਖੇਤਰ ਵਿਚ ਲਾਗੂ ਹੁੰਦੀ ਹੈ ਉਹੀ ਆਤਮਿਕ ਖੇਤਰ ਵਿਚ ਵੀ ਹੈ (ਵੇਖੋ ਗਲਾਤੀਆਂ 6:7–9)। ਜਦ ਰੂਹਾਨੀ ਬੀ ਬੀਜਿਆ ਜਾਂਦਾ ਹੈ ਤਾਂ ਫਲ ਵੀ ਰੂਹਾਨੀ ਹੀ ਮਿਲੇਗਾ। ਜਦ ਖ਼ੁਦਾ ਦਾ ਨਿਰੋਲ ਵਚਨ ਬੀਜਿਆ ਜਾਂਦਾ ਹੈ ਤਾਂ ਇਸ ਦਾ ਫ਼ਲ ਮਸੀਹੀ ਅਤੇ ਸਿਰਫ਼ ਮਸੀਹੀ ਲੋਕ ਹੀ ਹੋਣਗੇ।

ਇਕ ਅਰਥ ਵਿਚ ਯਿਸੂ ਨੇ ਕਿਹਾ, ''ਜਾਓ, ਸਿਖਾਓ ਅਤੇ ਬਪਤਿਸਮਾ ਦਿਓ, ਅਤੇ ਕੁਝ ਹੋਰ ਸਿਖਾਓ'' (ਵੇਖੋ 28: 18–20)। ਅਸੀਂ ਦੂਜਿਆਂ ਦੀ ਰੂਹਾਨੀ ਡੂੰਘਿਆਈ ਲਈ ਜ਼ਿੰਮੇਵਾਰ ਨਹੀਂ ਹਾਂ, ਪਰ ਅਸੀਂ ਬੀ ਬੀਜਣ ਦੀ ਕੋਸ਼ਿਸ਼ ਕਰਨ ਦੇ ਜ਼ਿੰਮੇਵਾਰ ਜ਼ਰੂਰ ਹਾਂ। ਯਿਸੂ ਨੇ ਬੀਜਿਆ (7:29; ਮਰਕੁਸ 1:27), ਅਤੇ ਪੌਲੁਸ ਨੇ ਇਸ ਨੂੰ ਬੀਜਣ ਦਾ ਹੁਕਮ ਦਿੱਤਾ (1 ਤਿਮੋਥਿਉਸ 4: 16; 2 ਤਿਮੋਥਿਉਸ 3: 16)।

## ਵੱਖੋ ਵੱਖ ਤਰ੍ਹਾਂ ਦੀ ਜ਼ਮੀਨ
## (13:1-9, 18-23)

ਯਿਸੂ ਦੇ ਦ੍ਰਿਸ਼ਟਾਂਤ ਵਾਂਗ ਖੁਸ਼ਖ਼ਬਰੀ ਦਾ ਬੀ ਵੱਖੋ ਵੱਖ ਤਰ੍ਹਾਂ ਦੀ ਜ਼ਮੀਨ ਤੇ ਡਿੱਗਦਾ ਹੈ। ਜ਼ਮੀਨ ਵੱਖੋ ਵੱਖ ਤਰ੍ਹਾਂ ਦੇ ਲੋਕਾਂ ਅਤੇ ਖ਼ੁਦਾ ਦੇ ਵਚਨ ਨੂੰ ਉਨ੍ਹਾਂ ਵੱਲੋਂ ਕਬੂਲ ਕੀਤੇ ਜਾਣ ਨੂੰ ਕਿਹਾ ਗਿਆ ਹੈ।

*ਸਖ਼ਤ ਜ਼ਮੀਨ (ਪਿਹਾ)।* ਖੁਸ਼ਖ਼ਬਰੀ ਜਾਂ ਇੰਜੀਲ ਦਾ ਬੀ ਕੁਝ ਸਖ਼ਤ ਦਿਲਾਂ ਵਿਚ ਵੜ ਨਹੀਂ ਸਕਦਾ। ਉਹ ਖ਼ੁਦਾ ਦੀ ਪਵਿੱਤਰਤਾ, ਆਪਣੇ ਪਾਪ ਦੀ ਹਕੀਕਤ ਅਤੇ ਇਸਦੇ ਨਤੀਜਿਆਂ, ਮਸੀਹ ਦੀ ਕੁਰਬਾਨੀ ਦੀ ਲੋੜ ਅਤੇ ਆਉਣ ਵਾਲੇ ਨਿਆਂ ਦੇ ਯਕੀਨੀ ਹੋਣ ਨੂੰ ਸਮਝ ਨਹੀਂ ਜਾਂਦੇ। ਇਸ ਕਰਕੇ ਖੁਸ਼ਖ਼ਬਰੀ ਉਨ੍ਹਾਂ ਦੇ ਕਿਸੇ ਕੰਮ ਦੀ ਨਹੀਂ।

*ਪਥਰੀਲੀ ਜ਼ਮੀਨ।* ਹੋਰ ਲੋਕ ਝੱਟ ਖੁਸ਼ਖ਼ਬਰੀ ਦੇ ਬੀ ਨੂੰ ਬੜੇ ਅਨੰਦ ਨਾਲ ਗ੍ਰਹਿਣ ਕਰ ਲੈਂਦੇ ਹਨ ਪਰ ਜਦ ਵਿਰੋਧ ਹੁੰਦਾ ਹੈ ਤਾਂ ਉਹ ਛੇਤੀ ਨਾਲ ਮੁਰਝਾ ਕੇ ਰੂਹਾਨੀ ਤੌਰ ਤੇ ਸੁੱਕ ਜਾਂਦੇ ਹਨ। ਉਹ ਮਸੀਹ ਤੋਂ ਮੂੰਹ ਮੋੜ ਕੇ ਦੁਨੀਆਂ ਵੱਲ ਵਾਪਸ ਚਲੇ ਜਾਂਦੇ ਹਨ।

*ਕੰਡਿਆਲੀਆਂ ਵਾਲੀ ਜ਼ਮੀਨ।* ਖੁਸ਼ਖ਼ਬਰੀ ਦੇ ਸੰਦੇਸ਼ ਨੂੰ ਕਬੂਲ ਕਰਨ ਵਾਲਿਆਂ ਦੀ ਰੂਹਾਨੀ ਫ਼ਸਲ ਨੂੰ ਜ਼ਿੰਦਗੀ ਦੀਆਂ ''ਝਾੜੀਆਂ'' ਨਾਲ ਦੱਬਿਆ ਜਾ ਸਕਦਾ ਹੈ। ਅੱਜ ਬਹੁਤ ਸਾਰੇ ਮਸੀਹੀ ਲੋਕ ਇਸੇ ਵਰਗ ਵਿਚ ਆਉਂਦੇ ਹਨ। ਉਨ੍ਹਾਂ ਦੀਆਂ ਜ਼ਿੰਦਗੀਆਂ ਕੈਰੀਅਰ ਬਣਾਉਣ ਅਤੇ ਨਿੱਜੀ ਦਿਲਚਸਪੀਆਂ ਨਾਲ ਐਨੀਆਂ ਭਰੀਆਂ ਹੋਈਆਂ ਹਨ ਕਿ ਉਨ੍ਹਾਂ ਕੋਲ ਰੂਹਾਨੀ ਤਰੱਕੀ ਲਈ ਸਮਾਂ ਹੀ ਨਹੀਂ ਹੈ। ਦੁਆ, ਬਾਈਬਲ ਅਧਿਐਨ, ਕਲੀਸੀਆ ਵਿਚ ਜਾਣਾ, ਲੋਕਾਂ ਨਾਲ ਮਿਲਣਾ, ਇੰਜੀਲ ਦਾ ਪ੍ਰਚਾਰ ਕਰਨਾ ਅਤੇ ਦੂਜਿਆਂ ਦੀ ਸੇਵਾ ਵਰਗੇ ਕੰਮ ਸੁੰਗੜ ਕੇ ਰਹਿ ਗਏ ਹਨ। ਨਤੀਜਾ ਇਹ ਹੋਇਆ ਹੈ ਕਿ ਪ੍ਰਭੂ ਲਈ ਉਨ੍ਹਾਂ ਦਾ ਫਲ ਨਾ ਦੇ ਬਰਾਬਰ ਹੈ।

*ਚੰਗੀ ਜ਼ਮੀਨ।* ਖ਼ੁਦਾ ਦੇ ਪ੍ਰਤੀ ਮੁਲਾਇਮ ਦਿਲ ਰੱਖਣ ਵਾਲੇ ਲੋਕ ਅਨੰਦ ਨਾਲ ਇੰਜੀਲ ਨੂੰ ਕਬੂਲ ਕਰ ਲੈਂਦੇ ਹਨ। ਰੂਹਾਨੀ ਅਨੁਸ਼ਾਸਨ ਵਿਚ ਵਫ਼ਾਦਾਰੀ ਨਾਲ ਬਣੇ ਰਹਿ ਕੇ ਉਹ ਮਜ਼ਬੂਤ ਮਸੀਹੀ ਜੜਾਂ ਕਾਇਮ ਕਰਦੇ ਹਨ ਜੋ ਉਨ੍ਹਾਂ ਨੂੰ ਸਹੀ ਢੰਗ ਨਾਲ ਵੱਧਣ ਵਿਚ ਮਦਦ ਕਰਦੀਆਂ ਹਨ। ਨਤੀਜਾ ਇਹ ਹੁੰਦਾ ਹੈ ਕਿ ਉਹ ਪ੍ਰਭੂ ਲਈ ਬਹੁਤ ਸਾਰਾ ਫ਼ਲ ਲਿਆਉਂਦੇ ਹਨ।

*ਸਾਰ।* ਹਰ ਕਿਸੇ ਨੂੰ ਆਪਣੇ ਆਪ ਤੋਂ ਪੁੱਛਣ ਦੀ ਲੋੜ ਹੈ, ''ਮੈਂ ਕਿਹੋ ਜਿਹੀ ਜ਼ਮੀਨ ਹਾਂ?'' ਮੈਨੂੰ ਰਾਜ ਵਿਚ ਹੋਰ ਫਲਦਾਈ ਬਣਨ ਲਈ ਬਦਲਣ ਵਾਸਤੇ ਕੀ ਕੀ ਕਰਨ ਦੀ ਲੋੜ ਹੈ।

ਡੇਵਿਡ ਸਟਿਵਰਟ

## ਟਿੱਪਣੀਆਂ

[1]*ਜ਼ੌਂਡਰਵਨ ਇਲੱਸਟ੍ਰੇਟਡ ਬਾਈਬਲ ਬੈਕਗਰਾਉਂਡ ਕਮੈਂਟਰੀ,* ਜਿਲਦ 1, *ਮੈਥਿਊ, ਮਾਰਕ, ਲੂਕ,* ਸੰਪਾ. ਕਲਿੰਟਨ ਈ. ਆਰਨੋਲਡ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2002), 82 ਵਿਚ ਮਾਈਕਲ ਜੇ. ਵਿਲਕਿੰਸ, ''ਮੈਥਿਊ।'' [2]ਕ੍ਰੇਗ ਐਸ. ਕੀਨਰ, *ਏ ਕਮੈਂਟਰੀ ਆਨ ਦ ਗੌਸਪਲ ਆਫ਼ ਮੈਥਿਊ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1999), 377. [3]ਜੋਸੇਫ਼ਸ ਨੇ ਕਫ਼ਰਨਾਹੂਮ ਦੇ ਆਲੇ ਦੁਆਲੇ ਦੀ ਜ਼ਮੀਨ ਦੀ ਇਸ ਦੇ ਉਪਜਾਊ ਹੋਣ ਲਈ ਤਾਰੀਫ਼ ਕੀਤੀ (ਜੋਸੇਫ਼ਸ *ਵਾਰਜ਼* 3.10.8.) [4]*ਸਿਬਿਲਾਈਨ ਓਰੇਕਲਸ* 3.263–64; *ਜੁਬਿਲੀਜ਼* 24.15. [5]*ਜੁਬਿਲੀਜ਼* 11.10, 11; ਵੇਖੋ ਟਾਲਮੁਡ *ਸੈਨਹੇਡ੍ਰਿਨ* 107ਏ। [6]ਆਰ. ਟੀ. ਫ੍ਰਾਂਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1985), 219.